# ਅਹਿਮਦੀਅਤ

# ਦਾ

# ਸੰਦੇਸ਼

ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਿਮਦ

ਅਨੁਵਾਦਕ

ਗਿਆਨੀ ਸ਼ਮਸ਼ਾਦ ਅਹਿਮਦ ਅਦਨ (ਬੀ.ਏ.,ਬੀ.ਐਡ.)

# ਮੁਖਬੰਦ

ਅਹਿਮਦੀਆ ਮੁਸਲਿਮ ਜਮਾਤ ਦੇ ਵਿਰੋਧੀ ਸਾਧਾਰਣ ਮੁਸਲਮਾਨਾਂ ਨੂੰ ਇਸ ਭਰਮ ਵਿੱਚ ਫਸਾ ਦਿੰਦੇ ਹਨ ਕਿ ਅਹਿਮਦੀਅਤ ਇਸਲਾਮ ਤੋਂ ਵੱਖ ਕੋਈ ਨਵਾਂ ਧਰਮ ਹੈ ਅਤੇ ਜਮਾਤ ਅਹਿਮਦੀਆ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਨੀ ਅਲੈਹਿਸਲਾਮ ਨੇ ਹਜ਼ਰਤ ਮੁਹੰਮਦ ਰਸੂਲੁੱਲਾਹ ਸਲੱਲਾਹੋ ਅਲੈਹਿ ਵਸੱਲਅਮ ਦੇ ਮੁਕਾਬਲੇ ਤੇ ਉਨ੍ਹਾਂ ਸਮਾਨ ਨਬੀ ਹੋਣ ਦਾ ਦਾਅਵਾ ਕਰਕੇ 'ਖ਼ਤਮੇ ਨਬੁੱਵਤ' ਦਾ ਇਨਕਾਰ ਕੀਤਾ ਹੈ। ਇਨ੍ਹਾਂ ਦਾ 'ਕਲਮਾ' ਹੋਰ ਹੈ। ਅਹਿਮਦੀ ਜਿਹਾਦ ਦੇ ਮੁਨਕਿਰ ਹਨ ਅਤੇ ਇਸਲਾਮ-ਦੁਸ਼ਮਨ ਸਰਗਰਮੀਆਂ ਵਿੱਚ ਮਸਰੂਫ਼ ਹਨ। ਜਦ ਕਿ ਇਨ੍ਹਾ ਵਿੱਚੋਂ ਇਕ ਵੀ ਗਲ ਠੀਕ ਨਹੀਂ, ਸਗੋਂ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਕਾਦੀਆਨੀ ਬਾਨੀ ਜਮਾਤ ਅਹਿਮਦੀਆ ਅਲੈਹਿਸੱਲਾਮ ਹਜ਼ਰਤ ਮੁਹੰਮਦ ਸਲੱਲਾਹੋ ਅਲੈਹਿ ਵਸੱਲਅਮ ਦੇ ਸੱਚੇ ਆਸ਼ਕ ਤੇ ਨਿਮਾਣੇ ਗ਼ੁਲਾਮ ਸਨ। ਆਪ ਜੀ ਦੀ ਕਾਇਮ ਕੀਤੀ ਜਮਾਤ ਹਕੀਕੀ ਇਸਲਾਮ ਪੇਸ਼ ਕਰਦੀ ਹੈ ਅਤੇ ਇਸਲਾਮ ਦੀ ਵੱਡਿਆਈ ਤੇ ਵਿਸ਼ਵਵਿਆਪੀ ਜਿੱਤ ਲਈ ਦਿਨ-ਰਾਤ ਲੱਗੀ ਹੋਈ ਹੈ। ਇਸ ਪੁਸਤਿਕਾ ਵਿੱਚ ਇਨ੍ਹਾਂ ਸਾਰੇ ਭਰਮਾ ਨੂੰ ਸੰਖੇਪ ਤੇ ਦਲੀਲ-ਸਹਿਤ ਦੂਰ ਕਰਦੇ ਹੋਏ ਬਾਨੀ ਜਮਾਤ ਅਹਿਮਦੀਆ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਮਸੀਹ ਮੌਊਦ-ਵ-ਮਹਿਦੀ ਮੌਊਦ ਅਲੈਹਿੱਸਲਾਮ ਦੇ ਦੂਜੇ ਖ਼ਲੀਫ਼ਾ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਿਮੂਦ ਅਹਿਮਦ ਮੁਸਲੇਹ ਮੌਊਦ ਰਜ਼ੀ ਅਲੱਾਹ ਅਨਹੋ ਨੇ ਬਹੁਤ ਸੌਖੀ ਤੇ ਸਰਲ ਭਾਸ਼ਾ ਵਿੱਚ ਜਮਾਤ ਅਹਿਮਦੀਆ ਦੇ ਵਿਸ਼ਵ-ਵਿਆਪੀ ਪ੍ਰਚਾਰਕ ਪ੍ਰੋਗਰਾਮ ਦੀ ਵਿਆਖਿਆ ਕੀਤੀ ਹੈ। ਜੋ ਸੂਝਵਾਨ ਮੁਸਲਮਾਨਾ ਅਤੇ ਸੱਚ ਦੇ ਖੋਜੀਆਂ ਲਈ ਅਹਿਮਦੀਅਤ ਦੇ ਉਦੇਸ਼ ਤੇ ਮੰਤਵ ਨੂੰ ਸਮਝਕੇ ਸੱਚਾਈ ਤੱਕ ਪਹੁੰਚਣ ਲਈ ਸਹਾਇਕ ਸਿੱਧ ਹੋਵੇਗੀ।

ਅੱਲਾਹ ਇਸ ਪਤ੍ਰਿਕਾ ਨੂੰ ਪਾਕ਼ ਰੂਹਾਂ ਦੀ ਹਦਾਇਤ ਦਾ ਮੂਜਬ ਬਣਾਏ। (ਆਮੀਨ)

ਦਾਸ

ਨਾਜ਼ਰ ਨਸ਼ਰੋ ਇਸ਼ਾਅਤ

ਕਾਦੀਆਂ-143516 (ਪੰਜਾਬ)

بسم الله الرحمن الرحيم

# ਅਹਿਮਦੀਅਤ ਦਾ ਸੰਦੇਸ਼

ਅਹਿਮਦੀਅਤ ਕੀ ਹੈ ਅਤੇ ਕਿਹੜੇ ਉਦੇਸ਼ ਕਾਰਨ ਕਾਇਮ ਕੀਤੀ ਗਈ ਹੈ? ਇਹ ਇਕ ਅਜਿਹਾ ਪ੍ਰਸ਼ਨ ਹੈ ਜੋ ਬਹੁਤ ਸਾਰਿਆ ਵਾਕਫ਼ਾਂ ਤੇ ਨਾਵਾਕਫ਼ਾਂ ਦੇ ਦਿਲਾਂ ਵਿੱਚ ਪੈਦਾ ਹੁੰਦਾ ਹੈ। ਵਾਕਫ਼ਾਂ ਦਾ ਅਧਿਐਨ ਡੂੰਘਾ ਹੁੰਦਾ ਹੈ ਅਤੇ ਨਾਵਾਕਫ਼ਾਂ ਦੇ ਪ੍ਰਸ਼ਨ ਸਾਧਾਰਨ ਹੁੰਦੇ ਹਨ। ਅਗਿਆਨਤਾ ਦੇ ਕਾਰਨ ਬਹੁਤ ਸਾਰੀਆ ਗੱਲਾਂ ਉਹ ਆਪਣੇ ਮਨੋਂ ਘੜ ਲੈਂਦੇ ਹਨ ਅਤੇ ਬਹੁਤ ਸਾਰੀਆਂ ਗੱਲਾ ਉੱਤੇ ਲੋਕਾ ਕੋਲੋਂ ਸੁਣ-ਸੁਣਾ ਕੇ ਵਿਸ਼ਵਾਸ ਕਰ ਲੈਂਦੇ ਹਨ। ਮੈਂ ਪਹਿਲਾਂ ਅਜਿਹੇ ਹੀ ਲੋਕਾਂ ਦੀ ਜਾਨ-ਪਹਿਚਾਨ ਲਈ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ ਜੋ ਅਗਿਆਨਤਾ ਤੇ ਪੂਰੀ ਜਾਨਕਾਰੀ ਨਾ ਹੋਣ ਦੇ ਕਾਰਨ ਅਹਿਮਦੀਅਤ ਬਾਰੇ ਵੱਖ-ਵੱਖ ਭਰਮਾਂ ਤੇ ਭੁਲੇਖਿਆਂ ਵਿੱਚ ਫ਼ਸੇ ਹੋਏ ਹਨ।

## ਅਹਿਮਦੀਅਤ ਕੋਈ ਨਵਾਂ ਧਰਮ ਨਹੀਂ

ਇਨ੍ਹਾਂ ਵਿੱਚੋਂ ਨਾਵਾਕਫ਼ਾ'ਚੋਂ ਕੁਝ ਇਹ ਖ਼ਿਆਲ ਕਰਦੇ ਹਨ ਕਿ ਅਹਿਮਦੀ ਲੋਕ ਕਲਮਾ 'ਲਾ ਇਲਾਹਾ ਇਲੱਲਾਹੋ ਮੁਹੱਮਦੁਰ-ਰਸੂਲੁੱਲਾਹੇ ' ਨੂੰ ਨਹੀਂ ਮਨਦੇ ਅਤੇ ਅਹਿਮਦੀਅਤ ਇਕ ਨਵਾਂ ਧਰਮ ਹੈ। ਅਜਿਹੇ ਲੋਕ ਜਾਂ ਤਾਂ ਕੁਝ ਲੋਕਾ ਦੇ ਬਹਿਕਾਵੇ ਦੇ ਕਾਰਨ ਅਜਿਹੀ ਧਾਰਨਾ ਰਖਦੇ ਹਨ ਜਾਂ ਉਨ੍ਹਾਂ ਦੀ ਆਪਣੀ ਬੁੱਧੀ ਕਰਕੇ ਕਿ ਅਹਿਮਦੀਅਤ ਕੋਈ ਨਵਾਂ ਧਰਮ ਹੈ ਅਤੇ ਹਰ ਧਰਮ ਲਈ ਕਿਸੇ ਕਲਿਮੇ ਦੀ ਲੋੜ ਹੈ, ਸਮਝ ਲੈਂਦੇ ਹਨ ਕਿ ਅਹਿਮਦੀਆਂ ਦਾ ਵੀ ਕੋਈ ਨਵਾਂ ਕਲਿਮਾਂ ਹੈ, ਪਰ ਹਕੀਕਤ ਇਹ ਹੈ ਕਿ ਨਾ ਅਹਿਮਦੀਅਤ ਕੋਈ ਨਵਾਂ ਧਰਮ ਹੈ, ਅਤੇ ਨਾ ਧਰਮ ਲਈ ਕਿਸੇ ਕਲਿਮੇ ਦੀ ਲੋੜ ਹੁੰਦੀ ਹੈ ਸਗੋਂ ਇਸ ਤੋਂ ਵੀ ਵੱਧਕੇ ਮੈਂ ਕਹਿੰਦਾ ਹਾਂ ਕਿ 'ਕਲਿਮਾ' ਇਸਲਾਮ ਤੋਂ ਬਿਨਾਂ ਕਿਸੇ ਧਰਮ ਦੀ ਨਿਸ਼ਾਨੀ ਨਹੀਂ। ਜਿਸ ਪ੍ਰਕਾਰ ਇਸਲਾਮ ਦੂਜਿਆਂ ਧਰਮਾ ਤੋਂ

ਆਪਣੀ ਧਾਰਮਕ ਕਿਤਾਬ (ਕੁਰਾਨ ਮਜੀਦ) ਦੇ ਪੱਖੋਂ, ਆਪਣੇ ਨਬੀ ਦੇ ਪੱਖੋਂ, ਆਪਣੀ ਵਿਆਪਕਤਾ ਦੇ ਪੱਖੋਂ ਵਿਸ਼ੇਸ਼ ਹੈ, ਉਸੇ ਪ੍ਰਕਾਰ ਇਸਲਾਮ ਦੁਸਰੇ ਧਰਮਾਂ ਤੋਂ ਕਲਿਮੇਂ ਦੇ ਪੱਖੋਂ ਵੀ ਵਿਸ਼ੇਸ਼ ਹੈ। ਦੂਜੇ ਧਰਮਾਂ ਦੇ ਕੋਲ ਧਰਮ ਗ੍ਰੰਥ ਹਨ ਪਰ 'ਕਲਾਮੁਲੱਾਹ' ਮੁਸਲਮਾਨਾ ਤੋਂ ਬਿਨਾ ਕਿਸੇ ਨੂੰ ਨਹੀਂ ਮਿਲਿਆ। ਕਿਤਾਬ(ਧਰਮ-ਗ੍ਰੰਥ) ਦੇ ਅਰਥ ਕੇਵਲ ਵਿਸ਼ੈ, ਕਰਤਵ ਅਤੇ ਨਿਰਦੇਸ਼ਨ ਦੇ ਹਨ ਪਰ ਕਿਤਾਬ ਦੇ ਭਾਵ ਵਿੱਚ ਇਹ ਗੱਲ ਉੱਕਾ ਹੀ ਸ਼ਾਮਿਲ ਨਹੀ ਕਿ ਉਸ ਵਿੱਚ ਵਰਣਿਤ ਵਿਸ਼ਿਆਂ ਦਾ ਇਕ-ਇਕ ਸ਼ਬਦ ਅਲੱਾਹ ਵੱਲੋਂ ਹੋਵੇ, ਪਰੰਤੂ ਇਸਲਾਮੀ ਕਿਤਾਬ ਕੁਰਾਨ ਮਜੀਦ ਦਾ ਨਾਂ 'ਕੁਲਾਮੁਲੱਾਹ' ਰਖਿਆ ਗਿਆ ਹੈ। ਅਰਥਾਤ ਇਸ ਦਾ ਇਕ-ਇਕ ਸ਼ਬਦ ਅਲੱਾਹ ਦਾ ਬਿਆਨ ਕੀਤਾ ਹੋਇਆ ਹੈ। ਜਿਵੇਂ ਇਸ ਦਾ ਵਿਸ਼ੈ ਅਲੱਾਹ ਦਾ ਵਰਣਨ ਕੀਤਾ ਹੈ। ਹਜ਼ਰਤ ਮੂਸਾ ਅਲੈਹਿਸਲਾਮ ਦੀ ਕਿਤਾਬ (ਤੌਰੈਤ) ਦਾ ਵਿਸ਼ੇ ਉਹੀ ਸੀ ਜੋ ਖ਼ੁਦਾ ਨੇ ਬਿਆਨ ਕੀਤਾ ਸੀ। ਹਜ਼ਰਤ ਈਸਾ ਅਲੈਹਿਸਲਾਮ ਦੀ ਸਿਖਿਆ ਜਿਸ ਦਾ ਉਹ ਪਰਚਾਰ ਕਰਦੇ ਸਨ ਉਹੋ ਸੀ ਜੋ ਖ਼ੁਦਾ ਨੇ ਉਨ੍ਹਾਂ ਨੂੰ ਦਿੱਤਾ ਸੀ ਪਰ ਉਨ੍ਹਾਂ ਸ਼ਬਦਾਂ ਵਿੱਚ ਨਹੀਂ ਸੀ ਜੋ ਰੱਬ ਨੇ ਵਰਤੇ ਸਨ। ''ਤੌਰੈਤ'', ''ਇੰਜੀਲ'' ਅਤੇ ''ਕੁਰਆਨ ਮਜੀਦ'' ਨੂੰ ਪੜ੍ਹਨ ਵਾਲੇ ਦਾ ਜੇਕਰ ਇਸਦੇ ਵਿਸ਼ੈ ਵਲ ਧਿਆਨ ਮੋੜ ਦਿੱਤਾ ਜਾਵੇ ਤਾਂ ਦਸਾਂ ਮਿੰਟਾ ਦੇ ਅਧਿਐਨ ਦੇ ਬਾਦ ਹੀ ਇਹ ਫ਼ੈਸਲਾ ਕਰ ਲਏਗਾ ਕਿ ''ਤੌਰੈਤ'' ਤੇ ''ਇੰਜੀਲ'' ਦੇ ਵਿਸ਼ੇ ਭਾਂਵੇ ਅਲੱਾਹ ਵੱਲੋ ਹੋਣ ਪਰ ਉਨ੍ਹਾਂ ਦੇ ਸ਼ਬਦ ਅਲੱਾਹ ਵੱਲੋਂ ਨਹੀਂ ਅਤੇ ਇਸੇ ਪ੍ਰਕਾਰ ਉਹ ਇਹ ਵੀ ਫ਼ੈਸਲਾ ਕਰ ਲਵੇਗਾ ਕਿ ''ਕੁਰਆਨ ਕਰੀਮ'' ਦੇ ਵਿਸ਼ੇ ਵੀ ਅਲੱਾਹ ਵੱਲੋਂ ਹਨ ਅਤੇ ਇਸ ਦੇ ਸ਼ਬਦ ਵੀ ਅਲੱਾਹ ਵੱਲੋਂ ਹੀ ਹਨ। ਜਾਂ ਇਉ ਕਹਿ ਲਓ ਕਿ ਇਕ ਅਜਿਹਾ ਵਿਅਕਤੀ ਜੋ ''ਕੁਰਆਨ ਕਰੀਮ'' ''ਤੌਰੈਤ'' ਅਤੇ ''ਇੰਜੀਲ'' 'ਤੇ ਈਮਾਨ ਨਹੀਂ ਹਖਦਾ ਇਨ੍ਹਾਂ ਤਿਨ੍ਹਾਂ ਧਾਰਮਕ ਕਿਤਾਬਾਂ ਦਾ ਕੁਝ ਚਿਰ ਅਧਿਐਨ ਕਰਨ ਤੋਂ ਬਾਦ ਇਹ ਗੱਲ ਮਨੰਣ ਲਈ ਮਜਬੂਰ ਹੋਵੇਗਾ ਕਿ ਤੋਰੈਤ ਤੇ ਇੰਜੀਲ ਨੂੰ ਪੇਸ਼ ਕਰਨ ਵਾਲੇ ਇਸ ਗਲ ਦੇ ਦਾਅਵੇਦਾਰ ਹਨ ਕਿ ਦੋਵੇ ਧਰਮ-ਗ੍ਰੰਥ ਰੱਬ ਵੱਲੋਂ ਹਨ ਪਰ ਇਸ ਗੱਲ ਦੇ ਉੱਕਾ ਹੀ

ਦਾਅਵੇਦਾਰ ਨਹੀਂ ਕਿ ਇਨ੍ਹਾਂ ਦੋਨਾਂ ਧਰਮ-ਗ੍ਰੰਥਾਂ ਦਾ ਇਕ-ਇਕ ਸ਼ਬਦ ਰੱਬ ਦਾ ਬੋਲਿਆ ਹੋਇਆ ਹੈ। ਪਰ ਕੁਰਆਨ ਕਰੀਮ ਦੇ ਬਾਰੇ ਇਹ ਕਹਿਣ ਤੇ ਮਜਬੂਰ ਹੋਵੇਗਾ ਕਿ ਇਸ ਦੇ ਪੇਸ਼ ਕਰਨ ਵਾਲੇ ਨ ਕੇਵਲ ਇਸ ਗਲ ਦੇ ਦਾਅਵੇਦਾਰ ਹਨ ਕਿ ਕੁਰਆਨ ਕਰੀਮ ਦੇ ਵਿਸ਼ੇ ਅਲੱਾਹ ਵੱਲੋਂ ਹਨ ਸਗੋਂ ਇਸ ਗਲ ਦੇ ਵੀ ਦਅਵੇਦਾਰ ਹਨ ਕਿ ਕੁਰਆਨ ਕਰੀਮ ਦਾ ਇਕ-ਇਕ ਸ਼ਬਦ ਅਲੱਾਹ ਵੱਲੋਂ ਹੈ। ਇਹੋ ਕਾਰਨ ਹੈ ਕਿ ਕੁਰਆਨ ਕਰੀਮ ਨੇ ਆਪਣਾਂ ਨਾ "ਕਿਤਾਬੁਲੱਾਹ" ਦੇ ਨਾਲ-ਨਾਲ "ਕਲਾਮੁਲੱਾਹ" ਵੀ ਰੱਖਿਆ ਹੈ; ਪਰੰਤੂ ਤੌਰੈਤ ਤੇ ਇੰਜੀਲ ਨੇ ਆਪਣਾ ਨਾਂ ਕਲਾਮੁਲੱਾਹ ਨਹੀਂ ਰਖਿਆ, ਨਾ ਹੀ ਕੁਰਆਨ ਕਰੀਮ ਨੇ ਉਨ੍ਹਾਂ ਨੂੰ ਕਲਾਮੁਲੱਾਹ ਕਿਹਾ ਹੈ। ਇਸ ਲਈ ਮੁਸਲਮਾਨ ਦੂਜੇ ਧਰਮਾਂ ਤੋਂ ਵਿਸ਼ੇਸ਼ ਹਨ ਇਸ ਲਈ ਕਿ ਦੂਸਰੇ ਧਰਮਾਂ ਦੇ ਧਰਮ-ਗ੍ਰੰਥ 'ਕਿਤਾਬੁਲੱਾਹ' ਤਾਂ ਹਨ ਪਰ 'ਕਲਾਮੁਲੱਾਹ' ਨਹੀ ਹਨ ਪਰ ਮੁਸਲਮਾਨਾ ਦੀ ਧਾਰਮਕ ਕਿਤਾਬ (ਕੁਰਆਨ ਸਰੀਫ਼) ਨ ਕੇਵਲ 'ਕਿਤਾਬੁਲੱਾਹ' ਹੈ ਸਗੋਂ 'ਕਲਾਮੁਲੱਾਹ' (ਅਲੱਾਹ ਦਾ ਕਲਾਮ) ਵੀ ਹੈ।

ਇਸੇ ਪ੍ਰਕਾਰ ਸਾਰਿਆਂ ਧਰਮਾਂ ਦਾ ਅਰੰਭ ਭਾਵੇ ਨਬੀਆਂ ਰਾਹੀਂ ਹੀ ਹੋਇਆ ਹੈ, ਪਰ ਕੋਈ ਵੀ ਧਰਮ ਅਜਿਹਾ ਨਹੀ ਜਿਸਨੇ ਇਕ ਅਜਿਹੇ ਨਬੀ ਨੂੰ ਪੇਸ਼ ਕੀਤਾ, ਜੋ ਸਰਬਪੱਖੀ ਆਦਰਸ਼ਾਂ ਨੂੰ ਵਰਨਣ ਕਰਨ ਦਾ ਦਾਅਵੇਦਾਰ ਹੋਵੇ ਅਤੇ ਉਸ ਨੂੰ ਮਨੁਖਤਾ ਲਈ ਆਦਰਸ਼ ਪਰੁਖ ਦੇ ਤੌਰ ਤੇ ਪੇਸ਼ ਕੀਤਾ ਗਿਆ ਹੋਵੇ। ਈਸਾਈ ਧਰਮ ਜਿਸ ਦਾ ਉੱਥਾਨ ਸਾਰਿਆਂ ਤੋ ਨਿਕਟ-ਪੂਰਵ ਵਿੱਚ ਹੋਇਆ ਹੈ। ਉਨ੍ਹਾਂ ਨੇ ਮਸੀਹ ਨੂੰ ਅਲੱਾਹ ਦਾ ਬੇਟਾ ਕਹਿਕੇ ਇਸ ਕਾਬਿਲ ਹੀ ਨਹੀ ਛੱਡਿਆ ਕਿ ਕੋਈ ਉਸਦੀ ਪੈਰਵੀ ਕਰੇ ਕਿਉਂਕਿ ਮਨੁੱਖ ਅਲੱਾਹ ਵਾਂਗ ਨਹੀਂ ਹੋ ਸਕਦਾ। ਤੌਰੈਤ ਹਜ਼ਰਤ ਮੂਸਾ ਅਲੈਹਿਸਲਾਮ ਨੂੰ ਆਦਰਸ਼ ਪੁਰੁਖ ਦੇ ਤੋਰ ਤੇ ਪੇਸ਼ ਨਹੀਂ ਕਰਦੀ। ਨਾ ਤੌਰੈਤ ਅਤੇ ਨਾ ਹੀ ਇੰਜੀਲ ਹਜ਼ਰਤ ਮੂਸਾ ਅਤੇ ਹਜ਼ਰਤ ਈਸਾ ਅਲੈਹਿਸੱਲਾਮ ਨੂੰ ਧਾਰਮਕ ਸਿੱਧਾਂਤਾਂ ਦੇ ਕੇਵਲ ਵਰਨਣ ਕਰਨ ਦਾ ਜ਼ਿੰਮੇਵਾਰ ਠਹਿਰਾਉਂਦੀਆਂ ਹਨ, ਜਦ ਕਿ ਕੁਰਆਨ ਕਰੀਮ ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲਲਾਹੋ ਅਲੈਹਿ-ਵ-

ਸਲੱਅਮ ਬਾਰੇ ਫ਼ਰਮਾਉਂਦਾ ਹੈ:-

يُعَلِّمُكُمُ الْكِتَابَ وَالْحِكْمَتَ (البقرہ:۱۵۲)

**ਯੁਅੱਲੇਮੁਕੁਮੁਲ ਕਿਤਾਬਾ ਵਲ ਹਿਕਮਾਤਾ**

*(ਸੂਰਤ-ਅਲ-ਬਕਰਾ,ਆਇਤ ੧੫੨)*

ਅਰਥਾਤ - ਇਹ ਨਬੀ ਤੁਹਾਨੂੰ ਇਲਾਹੀ ਆਦੇਸ਼ ਤੇ ਉਸਦੀਆ ਗੁੱਝੀਆਂ ਗੱਲਾਂ ਦਸਦਾ ਹੈ।

ਇਸ ਲਈ ਇਸਲਾਮ ਨੂੰ ਇਸ ਗਲ ਉੱਤੇ ਵਿਸ਼ੇਸ਼ਤਾ ਹੈ ਕਿ ਉਸਦਾ ਨਬੀ ਦੁਨੀਆ ਲਈ "ਆਦਰਸ਼ ਪੁਰਖ" ਵੀ ਹੈ, ਅਤੇ ਜਬਰੀ ਆਪਣੇ ਹੁਕਮ ਨਹੀ ਮੰਨਵਾਉਦਾ ਸਗੋਂ ਜਦ ਕੋਈ ਆਦੇਸ਼ ਦਿੰਦਾ ਹੈ ਤਾਂ ਆਪਣੇ ਪੈਰੋਕਾਰਾਂ ਦੇ ਵਿਸ਼ਵਾਸ ਨੂੰ ਪੱਕਾ ਕਰਨ ਅਤੇ ਜੋਸ਼ ਨੂੰ ਵਧਾਉਣ ਲਈ ਇਹ ਵੀ ਦਸਦਾ ਹੈ ਕਿ ਉਸਨੇ ਜੋ ਆਦੇਸ਼ ਦਿੱਤੇ ਹਨ ਉਨ੍ਹਾਂ ਵਿੱਚ ਧਰਮ, ਕੌਮ ਤੇ ਮਨੁੱਖਤਾ ਲਈ ਕੀ-ਕੀ ਲਾਭ ਲੁਕੇ ਹੋਏ ਹਨ।

ਇਸੇ ਪ੍ਰਕਾਰ ਇਸਲਾਮ ਨੂੰ ਦੂਜਿਆ ਧਰਮਾ ਤੇ ਆਪਣੀ ਸਿਖਿਆ ਦੇ ਪੱਖੋਂ ਵੀ ਵਿਸ਼ੇਸ਼ਤਾ ਪ੍ਰਾਪਤ ਹੈ। ਇਸਲਾਮ ਦੀ ਸਿਖਿਆ ਛੋਟੇ-ਵੱਡੇ, ਗ਼ਰੀਬ-ਅਮੀਰ, ਇਸਤਰੀ-ਪੁਰਸ਼, ਪੂਰਬ-ਪਛੱਮ, ਨਿਰਬਲ-ਬਲਵਾਨ, ਰਾਜਾ-ਪਰਜਾ, ਮਾਲਕ-ਮਜਦੂਰ, ਪਤੀ-ਪਤਨੀ, ਮਾਤਾ-ਪਿਤਾ ਤੇ ਸੰਤਾਨ, ਵੇਚਣ ਵਾਲਾ-ਖਰੀਦਣ ਵਾਲਾ, ਗੁਆਂਢੀ ਅਤੇ ਮੁਸਾਫ਼ਰਾਂ ਸਾਰਿਆ ਲਈ ਅਮਨ-ਸ਼ਾਂਤੀ ਤੇ ਉਨਤੀ ਦਾ ਸੁਨੇਹਾ ਹੈ। ਉਹ ਮਾਨਵਤਾ ਦੇ ਕਿਸੇ ਪੱਖ ਨੂੰ ਵੀ ਆਪਣੇ ਸੰਬੋਧਨ ਤੋ ਵਾਂਝਿਆ ਨਹੀਂ ਰਖਦਾ। ਉਹ ਅਗਲੀ-ਪਿਛਲੀ ਸਾਰੀਆ ਕੌਮਾਂ ਲਈ ਹਦਾਇਤ ਨਾਮਾ ਹੈ, ਜਿਵੇਂ ਅੰਤਰਯਾਮੀ ਰੱਬ ਦੀ ਨਜ਼ਰ ਪੱਥਰਾਂ ਹੇਠਾ ਪਏ ਜ਼ੱਰਿਆਂ(ਕਿਣਕਿਆਂ) ਉੱਤੇ ਵੀ ਪੈਂਦੀ ਹੈ ਅਤੇ ਅਕਾਸ਼ ਵਿੱਚ ਚਮਕਦੇ ਤਾਰਿਆ ਉੱਤੇ ਵੀ, ਇਸੇ ਪ੍ਰਕਾਰ ਮੁਸਲਮਾਨਾ ਦੀ ਧਾਰਮਿਕ ਸਿਖਿਆ ਗ਼ਰੀਬ ਤੋਂ ਗ਼ਰੀਬ ਤੇ ਮਾੜੇ ਤੋਂ ਮਾੜੇ ਲੋਕਾ ਦੀ ਲੋੜਾਂ ਨੂੰ ਵੀ ਪੂਰਾ ਕਰਦੀ ਹੈ ਅਤੇ ਅਮੀਰ ਤੋਂ ਅਮੀਰ ਅਤੇ ਤਗੜੇ ਤੋਂ ਤਗੜੇ ਲੋਕਾਂ ਦੀਆਂ ਗ਼ਰਜ਼ਾਂ ਨੂੰ ਵੀ ਪੂਰਿਆਂ

ਕਰਦੀ ਹੈ। ਇੰਝ ਇਸਲਾਮ ਕੇਵਲ ਪਿਛਲੇ ਧਰਮਾ ਦੀ ਇਕ ਨਕਲ ਨਹੀਂ ਸਗੋਂ ਉਹ ਧਾਰਮਕ ਲੜੀ ਦੀ ਅੰਤਮ ਕੜੀ ਅਤੇ ਅਧਿਆਤਮਕ ਮੰਡਲ ਦਾ ਸੂਰਜ ਹੈ ਅਤੇ ਉਸਦੀ ਕਿਸੇ ਗਲ ਤੋਂ ਦੂਜੇ ਧਰਮਾਂ ਦਾ ਅਨੁਮਾਨ ਕਰਨਾ ਠੀਕ ਨਹੀਂ। ਧਰਮ ਦੇ ਨਾਂ ਵਿੱਚ ਭਾਵੇ ਸਾਰੇ ਸ਼ਾਮਲ ਹਨ, ਉਸੇ ਪ੍ਰਕਾਰ ਜਿਵੇਂ ਕੋਇਲਾ ਤੇ ਹੀਰਾ ਕਾਰਬਨ ਦੇ ਨਾਂ ਵਿੱਚ ਸ਼ਾਮਲ ਹਨ, ਪਰ ਹੀਰਾ, ਹੀਰਾ ਹੈ ਅਤੇ ਕੋਲਾ ਕੋਲਾ ਹੀ ਹੈ । ਜਿਸ ਪ੍ਰਕਾਰ ਪੱਥਰ ਦਾ ਨਾਂ ਕੰਕਰੀਲੇ ਪੱਥਰ ਤੇ ਸੰਗਮਰਮਰ ਦੋਹਾਂ ਲਈ ਬੋਲਿਆ ਜਾ ਸਕਦਾ ਹੈ, ਪਰ ਕੰਕਰੀਲਾ ਪੱਥਰ, ਕੰਕਰੀਲਾ ਪੱਥਰ ਹੀ ਹੈ ਅਤੇ ਸੰਗਮਰਮਰ, ਸੰਗਮਰਮਰ ਹੀ ਹੈ। ਫ਼ਿਰ ਇਹ ਖ਼ਿਆਲ ਕਰ ਲੈਣਾ ਕਿਉਕਿ ਇਸਲਾਮ ਵਿੱਚ ਕਲਿਮਾ ਹੈ ਇਸ ਲਈ ਦੂਜੇ ਧਰਮਾ ਦਾ ਵੀ ਕਲਿਮਾ ਹੁੰਦਾ ਹੋਵੇਗਾ ਇਹ ਕੇਵਲ ਅਗਿਆਨਤਾ ਕਾਰਨ ਹੈ ਅਤੇ ਕੁਰਆਨ ਕਰੀਮ ਉਤੇ ਗ਼ੌਰ ਨ ਕਰਨ ਦਾ ਸਿੱਟਾ ਹੈ ਇਸ ਤੋਂ ਵਧਰੇ ਜ਼ੁਲਮ ਇਸ ਗਲ ਦਾ ਹੈ ਕਿ ਕੁਝ ਮੁਸਲਮਾਨਾ ਨੇ ਤਾਂ

لَآ اِلٰهَ اِلَّا اللّٰهُ اِبْرَاهِيْمُ خَلِيْلُ اللّٰهِ۔

**ਲਾ ਇਲਾਹਾ ਇੱਲੱਲਾਹੋ ਇਬਰਾਹੀਮੁ ਖਲੀਲੁੱਲਾਹੇ।**

لَآ اِلٰهَ اِلَّا اللّٰهُ مُوْسٰى كَلِيْمُ اللّٰهِ

**ਲਾ ਇਲਾਹਾ ਇੱਲੱਲਾਹੋ ਮੂਸਾ ਕਲੀਮੁਲੱਾਹੇ।**

**ਅਤੇ** اور

لَآ اِلٰهَ اِلَّا اللّٰهُ عِيْسٰى رُوْحُ اللّٰه

**ਲਾ ਇਲਾਹਾ ਇੱਲੱਲਾਹੋ ਇਸਾ ਰੂਹੁੱਲਾਹੇ**

ਆਦਿ ਕਲਿਮੇ ਵੀ ਪੇਸ਼ ਕਰ ਦਿੱਤੇ ਹਨ ਅਤੇ ਕਿਹਾ ਕਿ ਇਹ ਪਹਿਲੇ ਧਰਮਾਂ ਦੇ ਕਲਮੇ ਹਨ ਜਦਕਿ ਤੌਰੈਤ ਅਤੇ ਇੰਜੀਲ ਅਤੇ ਈਸਾਈ ਲਿਟਰੇਚਰ ਵਿੱਚ ਇਨ੍ਹਾਂ ਕਲਿਮਿਆਂ ਦਾ ਕਿਤੇ ਨਾਂ-ਨਿਸ਼ਾਨ ਵੀ ਨਹੀਂ। ਮੁਸਲਮਾਨਾ ਵਿੱਚ

ਅੱਜ ਹਜ਼ਾਰਾਂ ਖ਼ਰਾਬੀਆਂ ਪੈਦਾ ਹੋ ਚੁਕੀਆਂ ਹਨ ਪਰ ਕੀ ਉਹ ਆਪਣਾ ਕਲਿਮਾ ਭੁੱਲ ਗਏ ਹਨ? ਫ਼ਿਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਸਾਈ ਤੇ ਯਹੂਦੀ ਅਪਣਾ ਕਲਿਮਾ ਭੁਲ ਗਏ ਹਨ। ਜੇਕਰ ਉਹ ਆਪਣਾ ਕਲਿਮਾ ਭੁਲ ਗਏ ਹਨ ਅਤੇ ਉਨ੍ਹਾਂ ਦੇ ਧਰਮ-ਗ੍ਰਥਾਂ ਵਿੱਚੋਂ ਵੀ ਲੁਪਤ ਹੋ ਗਏ ਹਨ ਤਾਂ ਮੁਸਲਮਾਨਾ ਨੂੰ ਇਹ ਕਲਮੇ ਕਿਸਨੇ ਦੱਸੇ ਹਨ। ਸੱਚ ਇਹ ਹੈ ਕਿ ਮੁਹੰਮਦ ਰਸੂਲੁੱਲਾਹ ਸੱਲਲੱਾਹੋ ਅਲੈਹਿ-ਵ-ਸਲੱਅਮ ਦੇ ਸਿਵਾ ਕਿਸੇ ਹੋਰ ਨਬੀ ਦਾ ਕਲਿਮਾ ਨਹੀਂ ਸੀ। ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲਲੱਾਹੋ ਅਲੈਹਿ-ਵ-ਸਲੱਅਮ ਦੀਆਂ ਵਿਸ਼ੇਸ਼ਤਾਵਾਂ ਵਿੱਚੋਂ ਇਕ ਇਹ ਵੀ ਵਿਸ਼ੇਸ਼ਤਾ ਸੀ ਕਿ ਸਾਰੇ ਨਬੀਆਂ ਵਿੱਚੋਂ ਕੇਵਲ ਆਪ ਜੀ ਨੂੰ ਕਲਿਮਾ ਪ੍ਰਾਪਤ ਹੋਇਆ ਹੋਰ ਕਿਸੇ ਨਬੀਂ ਨੂੰ ਕਲਿਮਾ ਨਹੀ ਮਿਲਿਆ। ਉਸ ਦਾ ਕਾਰਣ ਇਹ ਹੈ ਕਿ ਕਲਮੇ ਵਿੱਚ ਇਕਰਾਰੇ ਰਸਾਲਤ ਨੂੰ ਇਕਰਾਰੇ ਤੌਹੀਦ(ਇਕ ਈਸ਼ਵਰ ਵਾਦ) ਦੇ ਨਾਲ ਮਿਲਾ ਦਿੱਤਾ ਗਿਆ ਹੈ ਅਤੇ ਤੌਹੀਦ ਇਕ ਸਦੈਵੀ ਸੱਚਾਈ ਹੈ ਉਹ ਕਦੇ ਢਹਿ ਨਹੀ ਸਕਦੀ। ਕਿਉਂਕਿ ਪਹਿਲੇ ਨਬੀਆਂ ਦੀ ਨਬੂਵਤ ਦੇ ਯੁਗ ਕਿਸੇ ਨਾ ਕਿਸੇ ਵੇਲੇ ਖ਼ਤਮ ਹੋ ਜਾਣੇ ਸਨ ਇਸ ਲਈ ਅਲੱਾਹ ਤਆਲਾ ਨੇ ਉਨ੍ਹਾਂ ਵਿੱਚੋ ਕਿਸੇ ਨਬੀ ਦੇ ਨਾਂ ਨੂੰ ਆਪਣੇ ਨਾ ਦੇ ਨਾਲ ਰਲਾਕੇ ਵਰਨਣ ਨਹੀ ਕੀਤਾ ਪਰੰਤੂ ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲਲੱਾਹੋ ਅਲੈਹਿ-ਵ-ਸਲੱਅਮ ਦੀ ਨਬੂਵਤ ਨੇ ਕਯਾਮਤ(ਪ੍ਰਲੈਯ) ਤਕ ਚਲਦੇ ਚਲੇ ਜਾਣਾ ਹੈ ਅਤੇ ਆਪ ਜੀ ਦਾ ਯੁਗ ਕਦੇ ਨਹੀਂ ਮੁਕਣਾ। ਇਸ ਲਈ ਅਲੱਾਹ ਤਾਅਲਾ ਨੇ ਆਪਜੀ ਦੇ ਰਸੂਲ ਹੋਣ ਅਤੇ ਆਪਦੇ ਨਾਂ ਨੂੰ ਕਲਿਮਾ-ਏ-ਤੌਹੀਦ(ਇਕ ਈਸ਼ਵਰਵਾਦ) ਨਾਲ ਰਲਾਕੇ ਵਰਨਣ ਕੀਤਾ ਤਾਂ ਜੋ ਦੁਨੀਆਂ ਨੂੰ ਇਹ ਦਸ ਦੇਵੇ ਕਿ ਜਿਵੇਂ "ਲਾ ਇਲਾਹਾ ਇੱਲਲੱਾਹੋ" ਕਦੇ ਨਹੀਂ ਮਿੱਟਦਾ ਉਸੇ ਪ੍ਰਕਾਰ "ਮੁਹੰਮਦੁਰ ਰਸੂਲੁਲੱਾਹੇ" ਵੀ ਕਦੇ ਨਹੀ ਮਿਟੇਗਾ। ਹੈਰਾਨੀ ਹੈ ਕਿ 'ਯਹੂਦੀ' ਨਹੀ ਕਹਿੰਦਾ ਕਿ ਮੂਸਾ ਅਲੈਹਿਸਲਾਮ ਦਾ ਕੋਈ ਕਲਿਮਾ ਸੀ, 'ਈਸਾਈ' ਨਹੀਂ ਕਹਿੰਦਾ ਕਿ ਈਸਾ ਅਲੈਹਿਸਲਾਮ ਦਾ ਕੋਈ ਕਲਿਮਾ ਸੀ, 'ਯਾਬੀ' ਨਹੀਂ ਕਹਿੰਦੇ ਕਿ ਇਬਰਾਹੀਮ ਅਲੈਹਿਸੱਲਾਮ ਦਾ ਕੋਈ ਕਲਿਮਾ ਸੀ, ਪਰ

ਮੁਸਲਮਾਨ, ਜਿਨ੍ਹਾਂ ਦੇ ਨਬੀ ਦੀ ਕਲਿਮਾ ਵਿਸ਼ੇਸ਼ਤਾ ਸੀ ਜਿਨ੍ਹਾ ਦੇ ਨਬੀ ਨੂੰ ਅਲੱਾਹ ਤਅਲਾ ਨੇ ਕਲਿਮੇ ਨਾਲ ਵਿਸ਼ੇਸ਼ ਕੀਤਾ ਸੀ, ਜਿਸਨੂੰ ਕਲਿਮੇ ਨਾਲ ਦੂਜੀਆ ਕੌਮਾਂ ਤੇ ਮਹਾਨਤਾ ਦਿੱਤੀ ਗਈ ਉਹ ਖੁਲ੍ਹੇ ਦਿਲ ਨਾਲ ਆਪਣੇ ਨਬੀ ਦੀ ਇਸ ਮਹਾਨਤਾ ਨੂੰ ਦੂਜੇ ਨਬੀਆਂ ਨੂੰ ਵੰਡਨ ਲਈ ਤਿਆਰ ਹੋ ਜਾਂਦਾ ਹੈ ਜਦ ਕਿ ਉਨ੍ਹਾਂ ਨਬੀਆਂ ਦੇ ਪੈਰੋਕਾਰ ਕਿਸੇ ਕਲਮੇ ਦੇ ਦਅਵੇਦਾਰ ਨਹੀਂ। ਇਹ ਉਨ੍ਹਾਂ ਵੱਲੋ ਆਪ ਕਲਮੇ ਬਣਾਕੇ ਪੇਸ਼ ਕਰ ਦਿੰਦੇ ਹਨ ਕਿ ਯਹੂਦੀਆਂ ਦਾ ਇਹ ਕਲਿਮਾ ਸੀ , ਇਬਰਾਹੀਮੀਆਂ ਦਾ ਇਹ ਸੀ ਤੇ ਈਸਾਈਆਂ ਦਾ ਇਹ ਕਲਿਮਾ ਸੀ।

ਸਾਰ ਇਹ ਹੈ ਕਿ ਧਰਮ ਲਈ ਕਲਿਮੇ ਦਾ ਹੋਣਾ ਜ਼ਰੂਰੀ ਨਹੀਂ, ਜੇਕਰ ਜ਼ਰੂਰੀ ਹੁੰਦਾ ਤਾਂ ਵੀ ਅਹਿਮਦੀਅਤ ਦਾ ਕੋਈ ਨਵਾਂ ਕਲਿਮਾ ਨਹੀਂ ਹੋ ਸਕਦਾ ਸੀ ਕਿਓਕਿ ਅਹਿਮਦੀਅਤ ਕੋਈ ਨਵਾਂ ਧਰਮ ਨਹੀਂ। ਅਹਿਮਦੀਅਤ ਕੇਵਲ ਇਸਲਾਮ ਦਾ ਨਾਂ ਹੈ, ਅਹਿਮਦੀਅਤ ਕੇਵਲ ਉਸੇ ਕਲਿਮੇ ਤੇ ਈਮਾਨ ਰਖਦੀ ਹੈ ਜੋ ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲਲੱਾਹੋ ਅਲੈਹਿ-ਵ-ਸਲੱਅਮ ਨੇ ਪੇਸ਼ ਕੀਤਾ। ਅਰਥਾਤ:-

لَآ اِلٰهَ اِلَّااللّٰهُ مُحَمَّدٌ رَّسُوْلُ اللّٰهِ

**ਲਾ ਇਲਾਹਾ ਇਲੱਲਾਹੋ ਮੁਹੰਮਦੁਰ ਰਸੂਲੁਲੱਾਹੇ।**

ਅਹਿਮਦੀਆਂ ਅਨੁਸਾਰ ਇਸ ਭੌਤਿਕ ਸੰਸਾਰ ਦਾ ਪੈਦਾ ਕਰਨ ਵਾਲਾ ਇਕ ਖ਼ੁਦਾ ਹੈ ਜੋ ਕੇਵਲ ਇਕੋ ਇਕ ਹੈ ਉਸਦਾ ਕੋਈ ਭਾਗੀਦਾਰ ਨਹੀਂ ਉਸਦੀਆਂ ਸ਼ਕਤੀਆਂ ਦਾ ਕੋਈ ਅੰਤ ਨਹੀਂ, ਜੋ ਰੱਬ(ਪਾਲਣਹਾਰ) ਹੈ, ਰਹਿਮਾਨ(ਬਿਨ੍ਹਾਂ ਮੰਗਿਆ ਦੇਣ ਵਾਲਾ) ਹੈ, ਰਹੀਮ(ਦਿਆਲੂ) ਹੈ, 'ਮਾਲਿਕੇ ਯੌਮਿੱਦੀਨ(ਜਜ਼ਾ ਤੇ ਸਜ਼ਾ ਦੇ ਦਿਨ ਦਾ ਮਾਲਿਕ) ਹੈ, ਉਸ ਵਿੱਚ ਉਹ ਸਾਰੇ ਗੁਣ ਮੌਜੂਦ ਹਨ ਜਿਹੜੇ ਕੁਰਆਨ ਕਰੀਮ ਵਿੱਚ ਵਰਨਣ ਹਨ, ਉਹ ਉਨ੍ਹਾਂ ਸਾਰੀਆਂ ਗੱਲਾਂ ਤੋਂ ਪਾਕ ਹੈ ਜਿਨ੍ਹਾਂ ਗੱਲ੍ਹਾਂ ਤੋਂ ਕੁਰਆਨ-ਕਰੀਮ ਨੇ ਉਸ ਨੂੰ ਪਾਕ ਕਿਹਾ ਹੈ ਅਤੇ ਅਹਿਮਦੀਆਂ ਅਨੁਸਾਰ (ਹਜ਼ਰਤ) 'ਮੁਹੰਮਦ'

ਸਪੁੱਤਰ (ਹਜ਼ਰਤ) 'ਅਬਦੁੱਲਾਹ' ਸਪੁੱਤਰ (ਹਜ਼ਰਤ) 'ਅਬਦੁਲ ਮੁਤਲਿਬ' ਸੱਲਲੱਾਹੋ ਅਲੈਹਿ-ਵ-ਸਲੱਅਮ ਅਲੱਾਹ ਤਆਲਾ ਦੇ ਰਸੂਲ ਹਨ ਅਤੇ ਸਾਰਿਆਂ ਤੋ ਅੰਤਮ "ਸ਼ਰੀਅਤ" ਆਪ ਜੀ ਉੱਤੇ ਨਾਜ਼ਿਲ ਹੋਈ। ਆਪ ਅਰਬ ਵਾਸੀ, ਗ਼ੈਰ ਅਰਬ ਵਾਸੀਆਂ, ਗੋਰੇ ਅਤੇ ਕਾਲੇ ਸਾਰੀਆ ਜਾਤੀਆਂ ਤੇ ਨਸਲਾਂ ਵੱਲ ਆਏ। ਆਪ ਜੀ ਦੀ ਨਬੁੱਵਤ ਦਾ ਯੁਗ ਆਪ ਦੇ ਨਬੁੱਵਤ ਦੇ ਦਾਅਵੇ ਤੋਂ ਲੈਕੇ ਉਸ ਸਮੇਂ ਤੱਕ ਵਿਆਪਤ ਰਹੇਗਾ ਜਿਸ ਸਮੇਂ ਤੱਕ ਧਰਤੀ ਦੀ ਪਰਤ ਤੇ ਕੋਈ ਪ੍ਰਾਣੀ ਜਿਉਂਦਾ ਰਹੇਗਾ। ਆਪ ਜੀ ਦੀ ਸਿੱਖਿਆ ਉੱਪਰ ਚਲਣਾ ਹਰ ਇਕ ਲਈ ਜ਼ਰੂਰੀ ਹੈ, ਅਤੇ ਕੋਈ ਮਨੁੱਖ ਅਜਿਹਾ ਨਹੀਂ ਜਿਸ ਉੱਤੇ ਸੱਚ ਪ੍ਰਗਟ ਹੋ ਗਿਆ ਹੋਵੇ ਤੇ ਉਹ ਇਮਾਨ ਨ ਲਿਆਇਆ ਹੋਵੇ । ਹਰ ਇਕ ਮਨੁੱਖ ਜਿਸ ਤੱਕ ਆਪ ਜੀ ਦਾ ਨਾਂ ਪਹੁੰਚਿਆ ਅਤੇ ਜਿਸਦੇ ਸਾਹਮਣੇ ਆਪ ਜੀ ਦੀ ਸੱਚਾਈ ਦੀਆਂ ਦਲੀਲਾਂ ਵਰਨਣ ਕੀਤੀਆਂ ਗਈਆਂ ਉਹ ਆਪ ਜੀ ਤੇ ਇਮਾਨ ਲਿਆਉਣ ਤੇ ਬੱਝ ਜਾਂਦਾ ਹੈ ਅਤੇ ਇਮਾਨ ਲਿਆਏ ਬਿਨ੍ਹਾਂ ਉਹ ਮੁਕਤੀ ਹਾਸਲ ਨਹੀ ਕਰ ਸਕਦਾ ਅਤੇ ਸੱਚੀ ਪਵਿੱਤਰਤਾ ਕੇਵਲ ਆਪ ਜੀ ਤੇ ਈਮਾਨ ਲਿਆ ਕੇ ਹੀ ਪ੍ਰਾਪਤ ਹੋ ਸਕਦੀ ਹੈ।

# ਅਹਿਮਦੀਆਂ ਸੰਬੰਧੀ ਕੁਝ ਸ਼ੰਕਾਵਾਂ ਦਾ ਨਿਵਾਰਣ

## ਖ਼ਤਮੇ ਨਬੁੱਵਤ

ਉਪਰੋਕਤ ਜਾਨਕਾਰੀ ਨ ਰੱਖਣ ਵਾਲੇ ਕੁਝ ਲੋਕਾਂ ਦਾ ਇਹ ਵੀ ਖਿਆਲ ਹੈ ਕਿ ਅਹਿਮਦੀ ਮੁਸਲਮਾਨ 'ਖ਼ਤਮੇ ਨਬੁੱਵਤ' ਦੇ ਇਨਕਾਰੀ ਹਨ ਅਤੇ ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲਲੱਾਹੋ ਅਲੈਹਿ-ਵ-ਸਲੱਅਮ ਨੂੰ ਖ਼ਾਤਮੰਨਬੀਯੀਨ ਨਹੀਂ ਮੰਨਦੇ। ਇਹ ਕੇਵਲ ਧੋਖਾ ਤੇ ਜਾਨਕਾਰੀ ਨਾ ਹੋਣ ਦਾ ਸਿੱਟਾ ਹੈ। ਜਦ ਅਹਿਮਦੀ ਆਪਣੇ ਆਪ ਨੂੰ ਮੁਸਲਮਾਨ ਕਹਿੰਦੇ ਹਨ ਅਤੇ ਕਲਿਮਾਏ ਸ਼ਹਾਦਤ ਉੱਤੇ ਯਕੀਨ ਵੀ ਰਖਦੇ ਹਨ ਤਾਂ ਕਿਵੇਂ ਹੋ ਸਕਦਾ ਹੈ ਕਿ

ਉਹ ਖ਼ਾਤਮੰਨਬੀਯੀਨ ਦੇ ਇੰਨਕਾਰੀ ਹੋਣ ਅਤੇ ਰਸੂਲੇ ਕਰੀਮ ਹਜ਼ਰਤ ਮੁਹੰਮਦ ਸੱਲਲੱਾਹੋ ਅਲੈਹਿ-ਵ-ਸਲੱਅਮ ਨੂੰ ਖ਼ਾਤਮੰਨਬੀਯੀਨ ਨਾ ਮੰਨਣ। ਕੁਰਆਨ ਕਰੀਮ ਵਿੱਚ ਸਪਸ਼ਟ ਤੌਰ ਤੇ ਅਲੱਾਹ ਤਆਲਾ ਫ਼ਰਮਾਉਂਦਾ ਹੈ:-

مَاكَانَ مُحَمَّدٌ اَبَآ اَحَدٍ مِّنْ رِّجَالِكُمْ وَلٰكِنْ رَّسُوْلَ اللّٰهِ وَخَاتَمَ النَّبِيّٖنَ

(احزاب:۴۱)

**ਮਾਕਾਨਾ ਮੁਹੰਮਦੁੰਨ ਆਬਾਅ ਆਹਾਦਿੰਨ ਮਿੰਨਰਿਜਾਲਿਕੁਮ ਵਲਾਕਿੰੱਨਰਸੂਲੱਲਾਹੇ ਵਾ ਖ਼ਾਤਮੰਨਬੀਯੀਨ।**

ਅਰਥਾਤ:-ਕਿ ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲਲੱਾਹੋ ਅਲੈਹਿ-ਵ-ਸਲੱਅਮ ਤੁਹਾਡੇ ਵਿੱਚੋਂ ਕਿਸੇ ਪੁਰੁਸ਼ ਦੇ ਬਾਪ ਨਹੀਂ ਹਨ ਨਾ ਹੀ ਭਵਿੱਖ ਵਿੱਚ ਹੋਣਗੇ ਪਰ ਆਪ ਅਲੱਾਹ ਦੇ ਰਸੂਲ ਅਤੇ ਖਾਤਮੰਨਬੀਯੀਨ ਹਨ।

ਕੁਰਆਨ ਕਰੀਮ ਉੱਤੇ ਵਿਸ਼ਵਾਸ ਰੱਖਣ ਵਾਲਾ ਇਸ ਆਇਤ ਦਾ ਇੰਨਕਾਰ ਕਿਵੇਂ ਕਰ ਸਕਦਾ ਹੈ। ਇਸ ਪ੍ਰਕਾਰ ਅਹਿਮਦੀ ਮੁਸਲਮਾਨਾਂ ਦਾ ਕਦੇ ਇਹ ਅਕੀਦਾ ਨਹੀ ਕਿ ਰਸੂਲੇ ਕਰੀਮ ਸੱਲਲੱਾਹੋ ਅਲੈਹਿ-ਵ-ਸਲੱਅਮ ਖਾਤਮੰਨਬੀਯੀਨ ਨਹੀਂ ਹਨ। ਜੋ ਕੁਝ ਅਹਿਮਦੀ ਮੁਸਲਮਾਨ ਕਹਿੰਦੇ ਹਨ ਉਹ ਕੇਵਲ ਇਹ ਹੈ ਕਿ ਖਾਤਮੰਨਬੀਯੀਨ ਦੇ ਉਹ ਅਰਥ ਜੋ ਇਸ ਵੇਲੇ ਮੁਸਲਮਾਨਾ ਵਿੱਚ ਪ੍ਰਚਲਿਤ ਹਨ ਨਾ ਤਾਂ ਕੁਰਆਨ ਕਰੀਮ ਦੀ ਉਪਰੋਕਤ ਆਇਤ 'ਤੇ ਢੁਕਦੇ ਹਨ ਅਤੇ ਨ ਹੀ ਉਨ੍ਹਾਂ ਤੋਂ ਰਸੂਲੇ ਕਰੀਮ ਸੱਲਲੱਾਹੋ ਅਲੈਹਿ-ਵ-ਸਲੱਅਮ ਦੀ ਸ਼ਾਨ ਤੇ ਇੱਜ਼ਤ ਉਸ ਤਰ੍ਹਾਂ ਪ੍ਰਗਟ ਹੁੰਦੀ ਹੈ ਜਿਸ ਇੱਜ਼ਤ ਤੇ ਸ਼ਾਨ ਵੱਲ ਇਸ ਆਇਤ ਵਿੱਚ ਸੰਕੇਤ ਹੈ ਅਤੇ ਅਹਿਮਦੀ ਜਮਾਤ ਖਾਤਮੰਨਬੀਯੀਨ ਦੇ ਉਹ ਅਰਥ ਕਰਦੀ ਹੈ ਜੋ ਅਰਬੀ ਸ਼ਬਦਕੋਸ਼ ਵਿੱਚ ਆਮਤੌਰ ਤੇ ਪ੍ਰਚਲਤ ਹਨ ਅਤੇ ਜਿਨ੍ਹਾਂ ਅਰਥਾਂ ਦੀ ਹਜ਼ਰਤ ਆਇਸ਼ਾ ਸੱਦੀਕਾ ਰਜ਼ੀ ਅਲੱਾਹ ਅਨਹਾ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੋ ਅਤੇ ਕੁਝ ਹੋਰ ਦੂਜੇ ਸਹਾਬੀ ਸਮਰਥਨ ਕਰਦੇ ਹਨ ਜਿਸ ਤੋਂ ਰਸੂਲੇ ਕਰੀਮ ਸੱਲਲੱਾਹੋ ਅਲੈਹਿ-ਵ-ਸਲੱਅਮ ਦੀ ਸ਼ਾਨ ਅਤੇ ਸਤਿਕਾਰ ਬਹੁਤ ਵੱਧ ਜਾਂਦਾ ਹੈ ਅਤੇ ਸਾਰੀ ਮਨੁੱਖਤਾ 'ਤੇ ਆਪਦੀ ਮਹਾਨਤਾ ਸਿੱਧ ਹੁੰਦੀ ਹੈ। ਇਸ ਪ੍ਰਕਾਰ

ਅਹਿਮਦੀ ਮੁਸਲਮਾਨ ਖ਼ਤਮੇ ਨਬੁੱਵਤ ਦੇ ਇਨਕਾਰੀ ਨਹੀਂ ਸਗੋਂ ਖ਼ਤਮੇ ਨਬੁੱਵਤ ਦੇ ਉਨ੍ਹਾਂ ਅਰਥਾਂ ਦੇ ਇਨਕਾਰੀ ਹਨ ਜੋ ਆਮ ਮੁਸਲਮਾਨਾਂ ਵਿੱਚ ਵਰਤਮਾਨ ਯੁਗ ਵਿੱਚ ਗਲਤੀ ਨਾਲ ਪ੍ਰਚਲਿਤ ਹੋ ਗਏ ਹਨ, ਨਹੀਂ ਤਾਂ ਖ਼ਤਮੇ ਨਬੁੱਵਤ ਦਾ ਇਨਕਾਰ ਤਾਂ ਕੁਫ਼ਰ ਹੈ ਅਤੇ ਅਹਿਮਦੀ ਅਲੱਾਹ ਦੀ ਮਿਹਰ ਨਾਲ ਮੁਸਲਮਾਨ ਹਨ ਅਤੇ ਇਸਲਾਮ ਉੱਤੇ ਚਲਨਾ ਹੀ ਨਜਾਤ ਦਾ ਇੱਕੋ ਇਕ ਸਾਧਨ ਸਮਝਦੇ ਹਨ।

## ਕੁਰਆਨ ਕਰੀਮ

ਇਨ੍ਹਾਂ ਅਨਜਾਣ ਲੋਕਾ'ਚੋਂ ਹੀ ਕੁਝ ਲੋਕ ਇਹ ਖਿਆਲ ਕਰਦੇ ਹਨ ਕਿ ਅਹਿਮਦੀ ਕੁਰਆਨ ਕਰੀਮ ਉੱਤੇ ਪੂਰਾ ਈਮਾਨ ਨਹੀਂ ਰਖਦੇ ਸਗੋਂ ਕੇਵਲ ਕੁਝ **'ਸਿਪਾਰਿਆਂ'** (ਭਾਗਾਂ) ਨੂੰ ਮੰਨਦੇ ਹਨ। ਇਸ ਸੰਬੰਧ ਵਿੱਚ ਮੈਨੂ 'ਕੋਇਟਾ' ਦੇ **ਦਰ**ਜਨਾ ਲੋਕਾਂ ਨੇ ਰਲ੍ਹਕੇ ਦਸਿਆ ਕਿ ਸਾਨੂੰ ਮੌਲਵੀਆਂ ਨੇ ਦੱਸਿਆ ਹੈ **ਕਿ** ਅਹਿਮਦੀ ਸਾਰੇ ਕੁਰਆਨ ਨੂੰ ਨਹੀ ਮੰਨਦੇ। ਇਹ ਵੀ ਇਕ ਤੁਹਮਤ (ਆਰੋਪ, ਦੋਸ਼) ਹੈ ਜੋ ਅਹਿਮਦੀਅਤ ਦੇ ਦੁਸ਼ਮਨਾਂ ਨੇ ਅਹਿਮਦੀਆਂ 'ਤੇ ਲਾਇਆ ਹੈ। ਅਹਿਮਦੀਅਤ ਕੁਰਆਨ ਕਰੀਮ ਨੂੰ ਇਕ ਨਾ ਬਦਲਨ ਵਾਲੀ ਅਤੇ ਕਦੇ ਨਾ ਰੱਦ ਹੋਣ ਵਾਲੀ ਕਿਤਾਬ ਕਰਾਰ ਦਿੰਦਾ ਹੈ। ਅਹਿਮਦੀਅਤ 'ਬਿਸਮਿੱਲਾਹ' ਦੀ 'ਬੇ' ਤੋ 'ਵੱਨਾਸ' ਦੇ 'ਸ' ਤੱਕ ਇਕ-ਇਕ ਅੱਖਰ ਅਤੇ ਇਕ-ਇਕ ਸ਼ਬਦ ਨੂੰ ਰੱਬ ਵੱਲੋ ਸਮਝਦੀ ਹੈ ਅਤੇ ਉਸਤੇ ਅਮਲ ਕਰਨਾ ਜ਼ਰੂਰੀ ਸਮਜਦੀ ਹੈ।

## ਫ਼ਰਿਸ਼ਤੇ

ਇਨ੍ਹਾਂ ਅਨਜਾਣ ਲੋਕਾਂ ਵਿੱਚੋਂ ਹੀ ਕੁਝ ਲੋਕ ਇਹ ਦੋਸ਼ ਲਾਉਂਦੇ ਹਨ ਕਿ ਅਹਿਮਦੀ ਮੁਸਲਮਾਨ ਫ਼ਰਿਸ਼ਤਿਆਂ ਅਤੇ ਸ਼ੈਤਾਨ ਉੱਤੇ ਵਿਸ਼ਵਾਸ ਨਹੀਂ ਰਖਦੇ। ਇਹ ਦੋਸ਼ ਵੀ ਕੇਵਲ ਝੂਠੀ ਤੁਹਮਤ ਹੈ। ਫ਼ਰਿਸ਼ਤਿਆ ਦਾ ਵਰਨਣ ਵੀ ਕੁਰਆਨ ਕਰੀਮ ਵਿੱਚ ਮੌਜੂਦ ਹੈ, ਜਿਨ੍ਹਾਂ ਚੀਜ਼ਾ ਦਾ ਵਰਨਣ ਕੁਰਆਨ ਕਰੀਮ ਵਿੱਚ ਮੌਜੂਦ ਹੈ, ਕੁਰਆਨ ਕਰੀਮ ਉੱਤੇ ਈਮਾਨ ਰੱਖਣ ਦਾ ਦਾਅਵਾ ਕਰਦੇ ਹੋਏ ਇਨ੍ਹਾਂ ਚੀਜ਼ਾ ਦਾ ਇਨਕਾਰ ਅਹਿਮਦੀਅਤ ਕਿਵੇ ਕਰ ਸਕਦੀ ਹੈ।

ਅਸੀਂ ਰੱਬ ਦੀ ਮਿਹਰ ਨਾਲ ਫ਼ਰਿਸ਼ਤਿਆਂ ਉੱਪਰ ਪੂਰਾ ਵਿਸ਼ਵਾਸ ਰਖਦੇ ਹਾਂ ਸਗੋਂ ਅਹਿਮਦੀਅਤ ਤੋਂ ਜਿਹੜੇ ਵਰਦਾਨ ਪ੍ਰਾਪਤ ਹੋਏ ਹਨ ਉਨ੍ਹਾਂ ਤੋਂ ਨ ਕੇਵਲ ਅਸੀਂ ਫ਼ਰਿਸ਼ਤਿਆਂ ਉੱਤੇ ਵਿਸ਼ਵਾਸ ਰਖਦੇ ਹਾਂ ਸਗੋਂ ਇਹ ਵੀ ਵਿਸ਼ਵਾਸ ਰਖਦੇ ਹਾਂ ਕਿ ਫ਼ਰਿਸ਼ਤਿਆਂ ਨਾਲ ਕੁਰਆਨ ਕਰੀਮ ਦੀ ਮਦਦ ਨਾਲ ਸੰਪਰਕ ਵੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਤੋ ਅਧਿਆਤਮਕ ਵਿਦਿਆਵਾਂ ਵੀ ਸਿੱਖੀਆਂ ਜਾ ਸਕਦੀਆਂ ਹਨ।

ਮੈਂ ਆਪ ਵੀ ਕਈ ਵਿਦਿਆਵਾਂ ਫ਼ਰਿਸ਼ਤਿਆਂ ਤੋ ਸਿੱਖੀਆਂ ਹਨ। ਮੈਨੂੰ ਇਕ ਵਾਰ ਇਕ ਫ਼ਰਿਸ਼ਤੇ ਨੇ ਸੂਰਤ "ਅਲ-ਫ਼ਾਤਿਹਾ" ਦੀ ਵਿਆਖਿਆ ਪੜ੍ਹਾਈ ਅਤੇ ਉਸ ਸਮੇਂ ਤੋਂ ਲੈਕੇ ਹੁਣ ਤੱਕ ਸੂਰਤ ਫ਼ਾਤਿਹਾ ਦੇ ਇਨ੍ਹੇਂ ਅਰਥ ਤੇ ਭੇਦ ਮੇਰੇ ਤੇ ਪ੍ਰਗਟ ਹੋਏ ਹਨ ਕਿ ਉਨ੍ਹਾਂ ਦਾ ਕੋਈ ਅੰਤ ਹੀ ਨਹੀਂ ਅਤੇ ਮੇਰਾ ਇਹ ਦਾਅਵਾ ਹੈ ਕਿ ਕਿਸੇ ਧਰਮ ਤੇ ਕੌਮ ਦਾ ਵਿਅਕਤੀ ਅਧਿਆਤਮਕ ਗਿਆਨ ਵਿੱਚੋ ਕਿਸੇ ਵਿਸ਼ੇ ਸੰਬੰਧੀ ਵੀ ਜੋ ਕੁਝ ਆਪਣੇ ਸੰਪੂਰਨ ਧਰਮ-ਗ੍ਰੰਥ ਵਿੱਚੋਂ ਕੱਢ ਸਕਦਾ ਹੈ ਉਸ ਤੋਂ ਕਿਤੇ ਵੱਧ ਵਿਸ਼ੇ ਕੇਵਲ ਸੂਰਤ ਫ਼ਾਤਿਹਾ ਵਿੱਚੋਂ, ਅਲੱਾਹ ਦੀ ਕ੍ਰਿਪਾ ਨਾਲ ਕੱਢ ਸਕਦਾ ਹਾਂ। ਲੰਮੇ ਸਮੇਂ ਤੋਂ ਮੈ ਦੁਨੀਆ ਨੂੰ ਚੈਲੰਜ ਦੇ ਰਿਹਾ ਹਾਂ ਪਰ ਕਿਸੇ ਨੇ ਅੱਜ ਤੱਕ ਇਸ ਚੈਲੰਜ ਨੂੰ ਕਬੂਲ ਨਹੀ ਕੀਤਾ। ਅਲੱਾਹ ਦੀ ਹੋਂਦ ਦਾ ਸਬੂਤ, ਇਕ ਈਸ਼ਵਰਵਾਦ ਦਾ ਸਬੂਤ, ਰਸੂਲ ਅਤੇ ਉਸਦੀ ਜਰੂਰਤ, ਸੰਪੂਰਨ ਸ਼ਰੀਅਤ ਅਤੇ ਮਾਨਵਤਾ ਲਈ ਓਸਦੀ ਜਰੂਰਤ, ਦੁਆ, ਤਕਦੀਰ, ਕਿਆਮਤ, ਸਵਰਗ-ਨਰਕ ਆਦਿ ਸਾਰਿਆਂ ਵਿਸ਼ਿਆਂ ਉੱਤੇ ਸੂਹਤ ਫ਼ਾਤਿਹਾ ਤੋਂ ਅਜਿਹਾ ਪ੍ਰਕਾਸ਼ ਪੈਂਦਾ ਹੈ ਕਿ ਦੂਜੀਆਂ ਕਿਤਾਬਾਂ ਦੇ ਸੈਂਕੜੇ ਪੰਨ੍ਹੇ ਵੀ ਇਨ੍ਹੀ ਰੋਸ਼ਨੀ ਮਨੁੱਖ ਨੂੰ ਨਹੀ ਪਹੁੰਚਾਉਂਦੇ। ਇਸ ਲਈ ਫ਼ਰਿਸ਼ਤਿਆਂ ਤੋਂ ਇਨਕਾਰ ਦਾ ਤਾਂ ਕੋਈ ਪ੍ਰਸ਼ਨ ਹੀ ਨਹੀ। ਅਹਿਮਦੀ ਮੁਸਲਮਾਨ ਤਾਂ ਫ਼ਰਿਸ਼ਤਿਆਂ ਤੋ ਲਾਭ ਉਠਾਉਣ ਦੇ ਦਾਅਵੇਦਾਰ ਹਨ। ਬਾਕੀ ਰਿਹਾ ਸ਼ੈਤਾਨ, ਸ਼ੈਤਾਨ ਤਾਂ ਇਕ ਗੰਦੀ ਚੀਜ਼ ਹੈ ਉਸ ਉੱਤੇ ਈਮਾਨ ਲਿਆਉਣ ਦਾ ਪ੍ਰਸ਼ਨ ਹੀ ਨਹੀ ਉਠਦਾ। ਹਾਂ ਉਸਦੀ ਹੋਂਦ ਦਾ ਗਿਆਨ ਸਾਨੂੰ ਕੁਰਆਾ ਕਰੀਮ ਤੋਂ ਹੁੰਦਾ ਹੈ ਅਤੇ ਅਸੀ ਉਸਦੀ ਹੋਂਦ ਨੂੰ ਸਵੀਕਾਰਦੇ ਹਾਂ ਅਤੇ ਨ

ਕੇਵਲ ਸਵੀਕਾਰਦੇ ਹਾਂ ਸਗੋਂ ਇਹ ਵੀ ਸਮਝਦੇ ਹਾਂ ਕਿ ਅਲੱਾਹ ਤਾਅਲਾ ਨੇ ਸਾਡੇ ਜ਼ਿੰਮੇ ਇਹ ਕੰਮ ਲਾਇਆ ਹੈ ਕਿ ਅਸੀਂ ਸ਼ੈਤਾਨ ਦੀ ਤਾਕਤ ਨੂੰ ਖੇਰੂੰ-ਖੇਰੂੰ ਕਰ ਦੇਈਏ ਅਤੇ ਉਸ ਦੀ ਹਕੂਮਤ ਨੂੰ ਮਿਟਾ ਦੇਈਏ। ਸ਼ੈਤਾਨ ਨੂੰ ਵੀ ਮੈਂ ਸੁਪਨੇ ਵਿੱਚ ਦੇਖਿਆ ਹੈ, ਇਕ ਵਾਰ ਤਾਂ ਮੈਂ ਉਸ ਨਾਲ ਕੁਸ਼ਤੀ ਵੀ ਕੀਤੀ ਹੈ ਅਤੇ ਅਲੱਾਹ ਦੀ ਮਦਦ ਅਤੇ ਸ਼ੈਤਾਨ-ਨਾਸ਼ੀ ਕੁਰਆਨੀ ਕਲਮਾਤ ਦੀ ਬਰਕਤ ਨਾਲ ਸ਼ੈਤਾਨ ਨੂੰ ਪਰਾਜਿਤ ਵੀ ਕੀਤਾ ਹੈ, ਅਤੇ ਇਕ ਵਾਰ ਅਲੱਾਹ ਤਾਅਲਾ ਨੇ ਮੈਨੂੰ ਦਸਿਆ ਕਿ ਜਿਸ ਕੰਮ ਲਈ ਤੈਨੂੰ ਨਿਯੁਕਤ ਕੀਤਾ ਜਾਵੇਗਾ ਉਸਦੇ ਰਸਤੇ ਵਿੱਚ ਸ਼ੈਤਾਨ ਅਤੇ ਉਸਦੀ ਸੰਤਾਨ ਬਹੁਤ ਸਾਰੀਆਂ ਰੁਕਾਵਟਾਂ ਪਾਉਣਗੇ, ਤੂੰ ਉਸਦੀਆ ਰੁਕਾਵਟਾਂ ਦੀ ਪਰਵਾਹ ਨਾ ਕਰੀਂ ਅਤੇ ਇਹ ਸ਼ਬਦ ਕਹਿੰਦੇ ਹੋਏ ਵਧਦੇ ਜਾਣਾ ਕਿ "ਖ਼ੁਦਾ ਦੇ ਫ਼ਜ਼ਲ ਤੇ ਰਹਿਮ ਦੇ ਨਾਲ" ਤਾਂ ਫ਼ਿਰ ਮੈਂ ਉਸ ਦਿਸ਼ਾ ਵਲ ਤੁਰਿਆ ਜਿਸ ਵਲ ਜਾਣ ਦੀ ਰੱਬ ਨੇ ਆਗਿਆ ਦਿੱਤੀ ਸੀ, ਅਤੇ ਮੈ ਦੇਖਿਆ ਕਿ ਸ਼ੈਤਾਨ ਅਤੇ ਉਸਦੀ ਸੰਤਾਨ ਵੱਖ-ਵੱਖ ਢੰਗਾ ਨਾਲ ਮੈਨੂੰ ਡਰਾਉਣ-ਧਮਕਾਉਣ ਦਾ ਜਤਨ ਕਰਨ ਲੱਗੇ। ਕਈ ਵਾਰ ਕੇਵਲ ਸਿਰ ਹੀ ਸਿਰ ਸਾਹਮਣੇ ਆ ਜਾਂਦੇ ਸਨ ਅਤੇ ਮੈਨੂੰ ਡਰਾਉਣ ਦਾ ਜਤਨ ਕਰਦੇ, ਕਈ ਵਾਰੀ ਖਾਲੀ ਧੜ ਆ ਜਾਂਦੇ, ਕਈ ਵਾਰ ਸ਼ੇਰ ਜਾਂ ਚੀਤੇ ਦਾ ਰੂਪ ਧਾਰਕੇ ਜਾਂ ਹਾਥੀਆਂ ਦਾ ਰੂਪ ਧਾਰਨ ਕਰਕੇ ਆਉਂਦਾ , ਪਰ ਅਲੱਾਹ ਦੀ ਆਗਿਆ ਅਨੁਸਾਰ ਮੈਂ ਉਸ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਇਹ ਕਹਿੰਦੇ ਹੋਏ ਵੱਧਦਾ ਚਲਾ ਗਿਆ। "ਖ਼ੁਦਾ ਦੇ ਫ਼ਜ਼ਲ ਤੇ ਰਹਿਮ ਦੇ ਨਾਲ"। ਜੱਦ ਇਹ ਸ਼ਬਦ ਮੈ ਪੜ੍ਹਦਾ ਸੀ ਸ਼ੈਤਾਨ ਅਤੇ ਉਸਦੀ ਸੰਤਾਨ ਭੱਜ ਜਾਂਦੇ ਸਨ ਅਤੇ ਮੈਦਾਨ ਸਾਫ਼ ਹੋ ਜਾਂਦਾ ਸੀ, ਪਰ ਥੋੜੀ ਹੀ ਦੇਰ ਬਾਦ ਫ਼ਿਰ ਇਕ ਨਵੇ ਰੂਪ ਵਿੱਚ ਮੇਰੇ ਸਾਹਮਣੇ ਆਉਂਦਾ ਸੀ, ਪਰ ਫ਼ਿਰ ਇਹੀ ਤਰੀਕਾ ਉਸਦੇ ਮਿਟਾਉਣ ਵਿੱਚ ਸਫ਼ਲ ਹੋ ਜਾਂਦਾ। ਇਥੋਂ ਤੱਕ ਕੀ ਉਹ ਨਿਸ਼ਚਿਤ ਟੀਚਾ ਆ ਗਿਆ ਅਤੇ ਸ਼ੈਤਾਨ ਪੂਰਨ ਤੌਰ ਤੇ ਮੈਦਾਨ ਛੱਡ ਕੇ ਨੱਸ ਗਿਆ। ਇਸੇ ਸੁਪਨੇ ਦੇ ਆਧਾਰ ਤੇ ਮੈਂ ਆਪਣੇ ਸਾਰੇ ਵਿਸ਼ੇਸ਼ ਲੇਖਾਂ ਦੇ ਸਿਰਨਾਵੇਂ ਦੇ ਆਰੰਭ ਵਿਚ "ਖ਼ੁਦਾ ਦੇ ਫ਼ਜ਼ਲ ਤੇ ਰਹਿਮ ਦੇ ਨਾਲ" ਦੇ ਸ਼ਬਦ ਲਿਖਦਾ ਹਾਂ। ਇਸ ਲਈ

ਅਸੀਂ ਫ਼ਰਿਸ਼ਤਿਆਂ ਉੱਪਰ ਈਮਾਨ ਰਖਦੇ ਹਾਂ ਅਤੇ ਸ਼ੈਤਾਨ ਦੀ ਹੋਂਦ ਨੂੰ ਸਵੀਕਾਰਦੇ ਹਾਂ।

ਕੁਝ ਲੋਕ ਕਹਿੰਦੇ ਹਨ ਕਿ ਅਹਿਮਦੀ ਚਮਤਕਾਰਾਂ ਦੇ ਇਨਕਾਰੀ ਹਨ। ਇਹ ਵੀ ਸੱਚਾਈ ਦੇ ਖਿਲਾਫ਼ ਹੈ। ਹਜ਼ਰਤ ਮੁਹੰਮਦ ਰਸੂਲੁਲੱਾਹ ਸਲੱਲੱਾਹੋ ਅਲੈਹਿ ਵਸੱਲਅਮ ਦੇ ਚਮਤਕਾਰ ਤਾਂ ਵੱਖ ਰਹੇ ਅਸੀ ਤਾਂ ਇਸ ਗਲ 'ਤੇ ਵੀ ਵਿਸ਼ਵਾਸ ਰਖਦੇ ਹਾਂ ਕਿ ਹਜ਼ਰਤ ਮੁਹੰਮਦ ਰਸੂਲੁਲੱਾਹ ਸਲੱਲੱਾਹੋ ਅਲੈਹਿ ਵਸੱਲਅਮ ਦੇ ਸੱਚੇ ਪੈਰੋਕਾਰਾਂ ਨੂੰ ਵੀ ਅਲੱਾਹ ਤਾਅਲਾ ਚਮਤਕਾਰ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਕੁਰਆਨ ਕਰੀਮ ਹਜ਼ਰਤ ਮੁਹੰਮਦ ਰਸੂਲੁਲੱਾਹ ਸਲੱਲੱਾਹੋ ਅਲੈਹਿ ਵਸੱਲਅਮ ਦੇ ਚਮਤਕਾਰਾਂ ਨਾਲ ਭਰਿਆ ਪਿਆ ਹੈ ਅਤੇ ਉਨ੍ਹਾਂ ਦਾ ਇਨਕਾਰ ਕੇਵਲ ਇਕ ਅਨ੍ਹਾਂ ਹੀ ਕਰ ਸਕਦਾ ਹੈ।

## ਨਿਜਾਤ(ਮੁਕਤੀ)

ਕਈ ਲੋਕ ਅਹਿਮਦੀਅਤ ਸੰਬੰਧੀ ਇਸ ਭਰਮ ਇੱਚ ਫ਼ਸੇ ਹੋਏ ਹਨ ਕਿ ਅਹਿਮਦੀਆਂ ਦੇ ਅਕੀਦੇ ਅਨੁਸਾਰ ਅਹਿਮਦੀਆਂ ਤੋਂ ਬਿਨ੍ਹਾਂ ਸਾਰੇ ਲੋਕ ਜਹਨੱਮੀ(ਨਰਕੀ) ਹਨ। ਇਹ ਵੀ ਅਗਿਆਨਤਾ ਤੇ ਦੁਸ਼ਮਨੀ ਦਾ ਸਿੱਟਾ ਹੈ ਸਾਡਾ ਉੱਕਾ ਹੀ ਇਹ ਆਕੀਦਾ (ਵਿਸ਼ਵਾਸ) ਨਹੀਂ ਕਿ ਅਹਿਮਦੀਆਂ ਤੋਂ ਬਿਨਾਂ ਬਾਕੀ ਸਾਰੇ ਲੋਕ ਨਰਕੀ ਹਨ। ਸਾਡੇ ਵਿਸ਼ਵਾਸ ਅਨੁਸਾਰ ਇਹ ਹੋ ਸਕਦਾ ਹੈ ਕਿ ਕੋਈ ਅਹਿਮਦੀ ਹੋਵੇ, ਪਰ ਉਹ ਜਹਨੱਮੀ ਹੋ ਜਾਵੇ, ਜਿਵੇਂ ਇਹ ਵੀ ਹੋ ਸਕਦਾ ਹੈ ਕਿ ਕੋਈ ਅਹਿਮਦੀ ਨ ਹੋਵੇ, ਪਰ ਉਹ ਸਵਰਗ ਵਿੱਚ ਚਲਿਆ ਜਾਵੇ ਕਿਉਂਕਿ ਜਨੱਤ(ਸਵਰਗ) ਮੁੱਖ ਤੋਂ ਇਕਰਾਰ ਦਾ ਸਿੱਟਾ ਨਹੀ। ਜੱਨਤ ਬਹੁਤ ਸਾਰੀਆਂ ਜਿੰਮੇਦਾਰੀਆਂ ਪੂਰਾ ਕਰਨ ਦੇ ਫਲ ਵੱਜੋਂ ਮਿਲਦੀ ਹੈ ਇਸੇ ਤਰ੍ਹਾਂ ਨਰਕ ਕੇਵਲ ਮੂੰਹ ਦੇ ਇਨਕਾਰ ਦਾ ਸਿੱਟਾ ਨਹੀ ਸਗੋਂ ਨਰਕ ਦਾ ਸ਼ਿਕਾਰ ਬਨਣ ਲਈ ਬਹੁਤ ਸਾਰੀਆਂ ਸ਼ਰਤਾ ਹਨ। ਕੋਈ ਨਰਕ ਵਿੱਚ ਨਹੀ ਜਾ ਸਕਦਾ ਜੱਦ ਤੱਕ ਉਸ ਉੱਤੇ ਪੂਰਨ ਤਰਕ ਵਰਨਣ ਨ ਹੋਣ ਭਾਵੇਂ ਉਹ ਵੱਡੀ ਤੋ ਵੱਡੀ ਸੱਚਾਈ ਦਾ ਇਨਕਾਰੀ ਹੀ ਕਿਉ ਨਾ ਹੋਵੇ। ਹਜ਼ਰਤ ਮੁਹੰਮਦ ਰਸੂਲੁਲੱਾਹ ਸਲੱਲੱਾਹੋ ਅਲੈਹਿ ਵਸੱਲਅਮ ਫ਼ਰਮਾਉਂਦੇ ਹਨ ਕਿ ਬਚਪਨ

ਵਿੱਚ ਮਰ ਜਾਣ ਵਾਲੇ ਜਾਂ ਉੱਚੇ ਪਹਾੜਾ ਵਿੱਚ ਰਹਿਣ ਵਾਲੇ ਜਾਂ ਜੰਗਲਾਂ ਵਿੱਚ ਰਹਿਣ ਵਾਲੇ(ਭਾਵ ਸਭਯ ਸਮਾਜ ਤੋਂ ਦੂਰ ਰਹਿਣ ਵਾਲੇ) ਜਾਂ ਇਨ੍ਹੇਂ ਬੁੱਢੇ ਜਿਨ੍ਹਾਂ ਦੀ ਅਕਲ ਮਾਰੀ ਗਈ ਹੋਵੇ ਜਾ ਪਾਗਲ ਜੋ ਅਕਲ ਤੋਂ ਕੋਰੇ ਹੋਣ ਉਨ੍ਹਾਂ ਲੋਕਾਂ ਦਾ ਹਿਸਾਬ ਨਹੀਂ ਹੋਵੇਗਾ ਸਗੋਂ ਅਲੱਾਹ ਤਾਅਲਾ ਕਿਯਾਮਤ ਦੇ ਦਿਨ ਉਨ੍ਹਾਂ ਲੋਕਾਂ ਵੱਲ ਫ਼ਿਰ ਨਬੀ(ਅਵਤਾਰ) ਭੇਜੇਗਾ ਅਤੇ ਉਨ੍ਹਾਂ ਨੂੰ ਸੱਚ ਤੇ ਝੂਠ ਦੇ ਪਰਖਣ ਦਾ ਅਵਸਰ ਦਿੱਤਾ ਜਾਵੇਗਾ ਉਦੋਂ ਜੱਦ ਪੂਰਨ ਸੱਚਾਈ ਵਰਨਣ ਹੋ ਜਾਵੇਗੀ(ਨ ਮਨਣ ਵਾਲਾ) ਨਰਕ ਵਿੱਚ ਜਾਵੇਗਾ ਅਤੇ ਜੋ ਹਦਾਇਤ ਕਬੂਲ ਕਰੇਗਾ ਉਹ ਸਵਰਗ ਵਿੱਚ ਜਾਵੇਗਾ। ਇਸ ਪ੍ਰਕਾਰ ਇਹ ਗ਼ਲਤ ਹੈ ਕਿ ਅਹਿਮਦੀਆਂ ਅਨੁਸਾਰ ਹਰ ਉਹ ਵਿਅਕਤੀ ਜੋ ਅਹਿਮਦੀਅਤ ਵਿੱਚ ਦਾਖ਼ਲ ਨਹੀ ਹੁੰਦਾ ਨਰਕੀ ਹੈ। ਨਿਜਾਤ ਦੇ ਸੰਬੰਧ ਵਿੱਚ ਸਾਡਾ ਇਹ ਅਕੀਦਾ ਹੈ ਕਿ ਹਰ ਉਹ ਵਿਅਕਤੀ ਜੋ ਸੱਚਾਈ ਦੇ ਸਮਝਣ ਤੋਂ ਭੱਜਦਾ ਹੈ ਅਤੇ ਇਹ ਜਤਨ ਕਰਦਾ ਹੈ ਕਿ ਸੱਚਾਈ ਉਸਦੇ ਕਨ੍ਹਾਂ ਵਿੱਚ ਨ ਪਵੇ ਤਾਂ ਜੋ ਉਸਨੂੰ ਮਨੰਣੀ ਨ ਪਵੇ ਜਾਂ ਜਿਸਉੱਪਰ ਸਾਰੀਆ ਹੁੱਜਤਾਂ(ਤਰਕ) ਪੂਰਨ ਹੋ ਜਾਣ ਪਰ ਫ਼ਿਰ ਵੀ ਈਮਾਨ ਨ ਲਿਆਏ, ਖ਼ੁਦਾ ਤਾਅਲਾ ਦੇ ਨਿਕਟ ਪਕੜ ਯੋਗ ਹੈ ਪਰ ਅਜਿਹੇ ਮਨੁਖ ਨੂੰ ਵੀ ਜੇਕਰ ਖ਼ੁਦਾ ਚਾਹੇ ਤਾਂ ਮਾਫ਼ ਕਰ ਸਕਦਾ ਹੈ ਉਸਦੀ ਰਹਿਮਤ ਦੀ ਵੰਡ ਸਾਡੇ ਹੱਥ ਵਿੱਚ ਨਹੀਂ। ਇਕ ਗ਼ੁਲਾਮ ਆਪਨੇ ਮਾਲਿਕ ਨੂੰ ਦਿਆ ਕਰਨ ਤੋਂ ਨਹੀਂ ਰੋਕ ਸਕਦਾ ਖ਼ੁਦਾ ਤਾਅਲਾ ਸਾਡਾ ਆਕਾ(ਸੁਆਮੀ) ਹੈ ਸਾਡਾ ਬਾਦਸ਼ਾਹ ਹੈ ਅਤੇ ਸਾਡਾ ਖ਼ਾਲਕ ਹੈ ਅਤੇ ਸਾਡਾ ਮਾਲਿਕ ਹੈ। ਜੇ ਕਰ ਉਸ ਦੀ ਇੱਛਾ ਅਤੇ ਉਸਦਾ ਗਿਆਨ ਅਤੇ ਉਸ ਦੀ ਰਹਿਮਤ ਕਿਸੇ ਅਜਿਹੇ ਮਨੁੱਖ ਨੂੰ ਵੀ ਬਖਸ਼ਣਾ ਚਾਹੇ ਜਿਸਦੀ ਆਮ ਹਾਲਤ ਵਿੱਚ ਬਖ਼ਸ਼ਿਸ਼ ਅਸੰਭਵ ਨਜ਼ਰ ਆਉਂਦੀ ਹੋਵੇ ਤਾਂ ਅਸੀਂ ਕੌਣ ਹਾਂ ਜੋ ਉਸਦੇ ਹੱਥ ਨੂੰ ਰੋਕੀਏ ਅਤੇ ਅਸੀ ਕੌਣ ਹਾਂ ਜੋ ਉਸਨੂੰ ਬਖ਼ਸ਼ਿਸ਼ ਤੋ ਰੋਕ ਰੱਖੀਏ।

ਨਿਜਾਤ ਦੇ ਸੰਬੰਧ ਵਿੱਚ ਤਾ ਅਹਿਮਦੀਅਤ ਦਾ ਅਕੀਦਾ ਇਨ੍ਹਾਂ ਵਿਆਪਕ ਹੈ ਕਿ ਇਸ ਕਾਰਨ ਕਈ ਮੌਲਵੀਆਂ ਨੇ ਅਹਿਮਦੀਆਂ ਉੱਪਰ ਕੁਫ਼ਰ ਦਾ ਫ਼ਤਵਾ ਲਾਇਆ ਹੈ। ਅਸੀਂ ਲੋਕ ਇਹ ਵਿਸ਼ਵਾਸ ਰਖਦੇ ਹਾਂ ਕਿ

ਕੋਈ ਇਨਸਾਨ ਵੀ ਨਾ ਮੋਮਨ ਨਾ ਕਾਫ਼ਰ ਸਦਾ ਲਈ ਨਰਕ ਦਾ ਭਾਗੀਦਾਰ ਨਹੀਂ ਹੋਵੇਗਾ ਕਿਉਂਕਿ ਕੁਰਆਨ ਕਰੀਮ ਵਿੱਚ ਅਲੱਾਹ ਤਾਅਲਾ ਫ਼ਰਮਾਉਂਦਾ ਹੈ:-

رَحْمَتِیْ وَسِعَتْ کُلَّ شَیْءٍ (اعراف:۱۵۷)

**ਰਹਮਤੀ ਵਸੇਅੱਤ ਕੁੱਲਾ ਸ਼ੈਇੰਨ**

*(ਸੂਰਤ-ਇਅਰਾਫ਼,ਆਇਤ ੧੫੭)*

ਅਰਥਾਤ:- ਮੇਰੀ ਰਹਿਮਤ ਨੇ ਹਰ ਚੀਜ਼ ਨੂੰ ਘੇਰਿਆ ਹੋਇਆ ਹੈ।

ਅਤੇ ਫ਼ਿਰ ਫ਼ਰਮਾਉਂਦਾ ਹੈ:-

**ਉੱਮੋਹੂ ਹਾਵਿਯਹ ।** اُمُّهٗ هَاوِيَةٌ (القارعۃ:۱۰)

*(ਸੂਰਤ-ਅਲਕਾਰਿਆਹ, ਆਇਤ-੧੦)*

ਅਰਥਾਤ:- ਕਾਫ਼ਰ ਅਤੇ ਜਹੱਨੁਮ ਦਾ ਆਪੋ ਵਿੱਚ ਇਸ ਪ੍ਰਕਾਰ ਦਾ ਸੰਬੰਧ ਹੋਵੇਗਾ ਜਿਵੇਂ ਇਸਤਰੀ ਅਤੇ ਉਸਦੇ ਬੱਚੇ ਦਾ ਹੁੰਦਾ ਹੈ।

ਅਤੇ ਫ਼ਿਰ ਫ਼ਰਮਾਉਂਦਾ ਹੈ:-

وَمَا خَلَقْتُ الْجِنَّ وَالْاِنْسَ اِلَّا لِيَعْبُدُوْنِ (الذّٰریٰت:۵۷)

**ਵਮਾ ਖ਼ਲੱਕਤੁਲ ਜਿੰਨਾ ਵਲ ਇੰਨਸਾ ਇੱਲਾ ਲੇ ਯਾਬੁਦੂਨ**

*(ਸੂਰਤ:ਅਜ਼ੱਾਰਯਾਤ,੫੭)*

ਅਰਥਾਤ:-ਹਰ ਇਕ ਜਿੰਨ੍ਹ ਅਤੇ ਇੰਨਸਾਨ(ਮਾਨਵ) ਨੂੰ ਮੈ ਆਪਣੀ ਇਬਾਦਤ ਲਈ ਪੈਦਾ ਕੀਤਾ ਹੈ।

ਇਨ੍ਹਾਂ ਉਪਰੋਕਤ ਆਇਤਾਂ ਅਤੇ ਅਜਿਹੀਆਂ ਬਹੁਤ ਸਾਰੀਆਂ ਆਇਤਾਂ ਦੇ ਹੁੰਦੇ ਹੋਏ ਅਸੀਂ ਕਿਵੇਂ ਮੰਨ ਸਕਦੇ ਹਾਂ ਕਿ ਅਲੱਾਹ ਦੀ ਰਹਿਮਤ ਆਖ਼ਰ ਨਰਕ ਭੋਗੀਆਂ ਨੂੰ ਕਿਉ ਨਹੀਂ ਆਪਣੀ ਸ਼ਰਨ ਵਿੱਚ ਲੈ ਲਏਗੀ ਅਤੇ ਉਹ ਨਰਕ ਦੇ ਗਰਭ ਤੋ ਕਦੇ ਵੀ ਮੁਕਤ ਨਹੀਂ ਹੋਣਗੇ ਅਤੇ ਉਹ ਬੰਦੇ ਜਿਨ੍ਹਾਂ ਨੂੰ ਅਲੱਾਹ ਨੇ ਆਪਣਾ ਬੰਦਾ ਬਨਾਉਣ ਲਈ ਪੈਦਾ ਕੀਤਾ ਸੀ ਓਹ ਸਦਾ ਲਈ ਸ਼ੈਤਾਨ ਦੇ ਭਗਤ ਰਹਿਣਗੇ ਅਤੇ ਅਲੱਾਹ ਦੇ ਬੰਦੇ ਨਹੀ ਬਨਣਗੇ ਅਤੇ ਖ਼ੁਦਾ ਤਾਅਲਾ ਦੀ ਮੁਹੱਬਤ ਭਰੀ ਆਵਾਜ਼ ਕਦੇ ਵੀ ਉਨ੍ਹਾਂ ਨੂੰ ਸੰਬੋਧਨ ਕਰਕੇ ਇਹ

ਨਹੀ ਕਹੇਗੀ ਕਿ:-

فَادْخُلِیْ فِیْ عِبَادِی وَادْخُلِیْ جَنَّتِیْ (الفجر:۳۰-۳۱)

**ਫ਼ਦਖ਼ੁਲੀ ਫ਼ੀ ਇਬਾਦੀ, ਵਦ ਖ਼ੁਲੀ ਜੱਨਾਤੀ**

*(ਸੂਰਤ:ਅਲ.ਫਜਰ, ਆਇਤ-੩੦,੩੧)*

ਅਰਥਾਤ:-ਆਓ ਮੇਰੇ ਬੰਦਿਆਂ ਵਿੱਚ ਸ਼ਾਮਿਲ ਹੋਕੇ ਮੇਰੀ ਜਨੱਤ ਵਿੱਚ ਦਾਖ਼ਲ ਹੋ ਜਾਓ।

## ਹਦੀਸਾਂ

ਕੁਝ ਲੋਕ ਇਸ ਭਰਮ ਵਿੱਚ ਫਸੇ ਹੋਏ ਹਨ ਕਿ ਅਹਿਮਦੀ ਹਦੀਸਾਂ ਨੂੰ ਨਹੀ ਮੰਨ੍ਹਦੇ ਅਤੇ ਕੁਝ ਲੋਕ ਇਹ ਆਰੋਪ ਲਾਗਾਉਂਦੇ ਹਨ ਕਿ ਅਹਿਮਦੀ ਫ਼ਿਕਾ ਦੇ ਇਮਾਮਾਂ ਨੂੰ ਨਹੀਂ ਮਨ੍ਹੰਦਾ। ਇਹ ਦੋਵੇਂ ਗਲ੍ਹਾਂ ਗਲਤ ਹਨ। ਅਹਿਮਦੀਅਤ ਪੈਰਵੀ ਕਰਨ ਜਾਂ ਨ ਕਰਨ ਦੇ ਮਾਮਲੇ ਵਿੱਚ ਵਿਚਕਾਰ ਦਾ ਮਾਰਗ ਅਪਨਾਉਂਦੀ ਹੈ। ਅਹਿਮਦੀਅਤ ਦੀ ਸਿੱਖਿਆ ਇਹ ਹੈ ਕਿ ਜੋ ਗੱਲ ਹਜ਼ਰਤ ਮੁਹੰਮਦ ਰਸੂਲੁਲੱਾਹ ਸਲੱਲੱਾਹੋ ਅਲੈਹਿ ਵਸੱਲਅਮ ਤੋਂ ਸਿੱਧ ਹੋਵੇ ਉਸ ਮਗਰੋ ਕਿਸੇ ਹੋਰ ਵਿਅਕਤੀ ਦੀ ਅਵਾਜ਼ ਨੂੰ ਸੁਨਣਾ ਆਪ ਜੀ ਦਾ ਅਪਮਾਨ ਹੈ। ਆਕਾ(ਸਵਾਮੀ) ਦੇ ਹੁੰਦਿਆ ਹੋਇਆਂ ਕਿਸੇ ਗ਼ੁਲਾਮ ਦੀ ਆਵਾਜ਼ ਨਹੀਂ ਸੁਣੀ ਜਾ ਸਕਦੀ। ਗੁਰੂ ਦੀ ਹੋਂਦ ਵਿੱਚ ਸ਼ਿਸ਼ ਤੋਂ ਪਾਠ ਨਹੀਂ ਲਿਆ ਸਕਦਾ। ਇਹ ਧਰਮ ਸ਼ਾਸਤ੍ਰੀ ਭਾਵੇ ਕਿਨ੍ਹੇ ਹੀ ਵੱਡੇ ਹੋਣ ਫਿਰ ਵੀ ਹਜ਼ਰਤ ਮੁਹੰਮਦ ਰਸੂਲੁਲੱਾਹ ਸਲੱਲੱਾਹੋ ਅਲੈਹਿ ਵਸੱਲਅਮ ਦੇ ਸ਼ਿਸ਼ ਅਤੇ ਗ਼ੁਲਾਮ ਹਨ ਉਨ੍ਹਾਂ ਦੀ ਸਾਰੀ ਇੱਜ਼ਤ ਆਪ ਦੀ ਪੈਰਵੀ ਵਿੱਚ ਸੀ ਅਤੇ ਉਨ੍ਹਾਂ ਦੀ ਸਾਰੀ ਸ਼ਾਨ ਆਪਜੀ ਦੀ ਗ਼ੁਲਾਮੀ ਵਿੱਚ ਸੀ। ਇਸ ਪ੍ਰਕਾਰ ਜਦ ਕੋਈ ਗੱਲ ਰਸੂਲੇ ਕਰੀਮ ਸਲੱਲੱਾਹੋ ਅਲੈਹਿ ਵਸੱਲਅਮ ਤੋਂ ਸਿੱਧ ਹੋ ਜਾਵੇ ਅਤੇ ਉਸਦੀ ਅਲਾਮਤ(ਲੱਛਣ) ਇਹ ਹੈ ਕਿ ਉਹ ਗੱਲ ਜੋ ਰਸੂਲੇ ਕਰੀਮ ਸਲੱਲੱਾਹੋ ਅਲੈਹਿ ਵਸੱਲਅਮ ਵਲ ਨਿਰਧਾਰਤ ਕੀਤੀ ਜਾਵੇ, ਤੇ ਕੁਰਆਨ ਕਰੀਮ ਅਨੁਸਾਰ ਹੋਏ ਤਾਂ ਉਹ ਗੱਲ ਆਖਰੀ ਫ਼ੈਸਲਾ ਹੈ, ਇਕ ਨ ਟਲਣ ਵਾਲਾ ਹੁਕਮ ਹੈ ਅਤੇ ਕੋਈ ਵਿਅਕਤੀ ਇਸ ਗੱਲ ਦਾ ਹੱਕ ਨਹੀਂ ਰਖਦਾ ਕਿ

ਉਹ ਇਸ ਹੁਕਮ ਨੂੰ ਰੱਦ ਕਰ ਦੇਵੇ ਜਾਂ ਇਸ ਵਿਰੁਧ ਜ਼ੁਬਾਨ ਖੋਲੇ। ਪਰ ਕਿਉਂਕਿ ਹਦੀਸਾਂ ਇਕੱਠੀਆਂ ਕਰਨ ਵਾਲੇ(ਰਾਵੀ) ਮਨੁੱਖ ਹਨ ਅਤੇ ਉਨ੍ਹਾਂ ਵਿੱਚ ਨੇਕ ਵੀ ਹਨ ਤੇ ਬੁਰੇ ਵੀ ਹਨ ਚੰਗੀ ਸਮਰਣ ਸ਼ਕਤਿ ਵਾਨ ਵੀ ਹਨ ਤੇ ਮਾੜੀ ਸਮਰਣ ਸ਼ਕਤਿ ਵਾਲੇ ਵੀ ਹਨ। ਚੰਗੀ ਬੁੱਧੀ ਵਾਲੇ ਵੀ ਹਨ ਅਤੇ ਮੰਦ ਬੁੱਧੀ ਵਾਲੇ ਵੀ ਹਨ। ਜੇਕਰ ਕੋਈ ਅਜਿਹੀ ਹਦੀਸ ਹੋਵੇ ਜਿਸਦੇ ਭਾਵ ਅਰਥ ਕੁਰਆਨ ਕਰੀਮ ਦੇ ਵਿਰੁਧ ਹੋਣ ਉਹ ਮਨੰਣ ਯੋਗ ਨਹੀਂ ਕਿਉਂਕਿ ਹਰ ਇਕ ਹਦੀਸ ਪ੍ਰਮਾਣਿਤ ਨਹੀ ਹੈ ਸਗੋਂ ਆਪ ਹਦੀਸ ਸਾਸ਼ਤ੍ਰੀਆਂ ਅਨੁਸਾਰ ਕੁਝ ਹਦੀਸਾਂ ਬਿਲਕੁਲ ਯਕੀਨੀ ਹਨ ਅਤੇ ਕੁਝ ਆਮ ਦਰਜੇ ਦੀਆਂ ਹਨ, ਕੁਝ ਮਸ਼ਕੂਕ, ਕੁਝ ਭਰਮ ਭਰਪੂਰ ਤੇ ਕੁਝ ਬਨਾਉਟੀ ਹਨ। ਇਸ ਲਈ ਕੁਰਆਨ ਕਰੀਮ ਜਿਹੀ ਪ੍ਰਮਾਣਿਤ ਕਿਤਾਬ ਦੇ ਮੁਕਾਬਲੇ ਵਿੱਚ ਜੋ ਹਦੀਸ ਆਏਗੀ ਉਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਪਰ ਜਿੱਥੇ ਕੁਰਆਨ ਕਰੀਮ ਦਾ ਵੀ ਕੋਈ ਸਪਸ਼ਟ ਪ੍ਰਮਾਣ ਨ ਹੋਵੇ ਅਤੇ ਹਦੀਸ ਵੀ ਅਜਿਹੇ ਢੰਗ ਨਾਲ ਸਿੱਧ ਨਾ ਹੋਵੇ ਜੋ ਯਕੀਨੀ ਤੇ ਪ੍ਰਮਾਣਿਤ ਸਿੱਟੇ ਤੱਕ ਪਹੁੰਚਾਏ ਜਾਂ ਹਦੀਸ ਦੇ ਸ਼ਬਦ ਅਜਿਹੇ ਹੋਣ ਕਿ ਉਨ੍ਹਾਂ ਦੇ ਕਈ ਅਰਥ ਨਿਕਲਦੇ ਹੋਣ ਤਾਂ ਉਸ ਸਮੇਂ ਯਕੀਨਨ ਧਰਮ ਸ਼ਾਸਤ੍ਰੀ ਜਿਨ੍ਹਾਂ ਨੇ ਆਪਨੀਆਂ ਉਮਰਾ ਕੁਰਆਨ ਕਰੀਮ ਅਤੇ ਹਦੀਸਾਂ ਦੇ ਅਧਿਐਨ ਤੇ ਵਿਚਾਰ ਕਰਨ ਵਿੱਚ ਬਤੀਤ ਕਰ ਦਿੱਤੀਆ ਹਨ, ਅਨੁਮਾਨ ਤੇ ਕਲਪਨਾ ਕਰਨ ਦਾ ਹਕ ਰਖਦੇ ਹਨ ਅਤੇ ਇਕ ਆਮ ਆਦਮੀ ਜਿਸਨੇ ਨਾ ਕੁਰਆਨ ਕਰੀਮ ਦਾ ਅਧਿਐਨ ਕੀਤਾ ਹੈ ਨਾ ਹਦੀਸਾਂ' ਤੇ ਵਿਚਾਰ ਕੀਤਾ ਜਾਂ ਜਿਸ ਦਾ ਗਿਆਨ ਤੇ ਸਿੱਖਿਆ ਦਾ ਸਤਰ ਇਸ ਯੋਗ ਹੀ ਨਹੀਂ ਕਿ ਉਹ ਵਿਚਾਰ ਕਰ ਸਕੇ, ਉਸਦਾ ਹੱਕ ਨਹੀਂ ਕਿ ਉਹ ਕਹੇ ਕਿ ਇਮਾਮ ਅਬੂ ਹਨੀਫ਼ਾ ਜਾਂ ਇਮਾਮ ਅਹਿਮਦ ਜਾਂ ਇਮਾਮ ਸ਼ਾਫ਼ਈ ਜਾਂ ਇਮਾਮ ਮਾਲਿਕ ਜਾਂ ਦੂਸਰੇ ਦੀਨ ਦੇ ਇਮਾਮਾਂ ਨੂੰ ਕੀ ਹਕ ਹੈ ਕਿ ਉਨ੍ਹਾਂ ਦੀ ਗਲ ਨੂੰ ਮੈਥੋਂ ਵੱਧ ਮਹੱਤਾ ਦਿੱਤੀ ਜਾਏ। ਮੈ ਵੀ ਮੁਸਲਮਾਨ ਹਾਂ ਅਤੇ ਉਹ ਵੀ ਮੁਸਲਮਾਨ। ਜੇਕਰ ਇਕ ਆਮ ਆਦਮੀ ਅਤੇ ਡਾਕਟਰ ਵਿੱਚ ਕਿਸੇ ਰੋਗ ਬਾਰੇ ਮੱਤਭੇਦ ਹੋ ਜਾਵੇ ਤਾਂ ਡਾਕਟਰ ਦੀ ਰਾਏ ਨੂੰ ਆਮ ਆਦਮੀ ਦੀ ਰਾਏ ਉੱਪਰ

ਮਹੱਤਾ ਦਿੱਤੀ ਜਾਂਦੀ ਹੈ ਅਤੇ ਕਾਨੂਨ ਵਿੱਚ ਮਤਭੇਦ ਹੋਵੇ ਤਾਂ ਇਕ ਵਕੀਲ ਦੀ ਰਾਏ ਨੂੰ ਦੂਜਿਆਂ ਉੱਪਰ ਮਹੱਤਾ ਦਿੱਤੀ ਜਾਂਦੀ ਹੈ, ਫਿਹ ਕੀ ਕਾਰਣ ਹੈ ਕਿ ਧਾਰਮਕ ਮਾਮਲਿਆ ਵਿੱਚ ਧਰਮ ਸ਼ਾਸਤ੍ਰੀਆਂ ਦੀ ਰਾਏ ਨੂੰ ਮਹੱਤਾ ਨਾ ਦਿੱਤੀ ਜਾਵੇ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਕੁਰਆਨ ਕਰੀਮ ਤੇ ਹਦੀਸਾਂ ਉੱਪਰ ਅਧਿਐਨ ਤੇ ਵਿਚਾਰ ਕਰਨ ਵਿੱਚ ਬਤੀਤ ਕਰ ਦਿੱਤਾ ਹੋਵੇ ਅਤੇ ਜਿਨ੍ਹਾਂ ਦਾ ਬੌਧਿਕ ਸਤਰ ਵੀ ਦੂਜਿਆਂ ਲੱਖਾਂ ਲੋਕਾਂ ਤੋਂ ਚੰਗਾ ਹੋਵੇ ਅਤੇ ਜਿਨ੍ਹਾਂ ਦੀ ਸੰਜਮਤਾ ਅਤੇ ਪਵਿੱਤਰਤਾ ਉਤੇ ਰਬੀ ਵਰਤਾਓ ਨੇ ਸੱਚਾਈ ਦੀ ਮੁਹਰ ਲਗਾ ਦਿੱਤੀ ਹੋਵੇ। ਭਾਵ ਇਹ ਕਿ ਅਹਿਮਦੀਅਤ ਨਾ ਪੂਰਨ ਤੌਰ ਤੇ "ਐਹਲੇ ਹਦੀਸ" ਦੀ ਪੁਸ਼ਟੀ ਕਰਦੀ ਨਾ ਹੀ ਪੂਰਨ ਤੌਰ ਤੇ "ਮੁਕੱਲਦੀਨ" ਦੀ ਪੁਸ਼ਟੀ ਕਰਦੀ ਹੈ। ਅਹਿਮਦੀਅਤ ਦਾ ਇਸ ਵਿਸ਼ੇ ਵਿੱਚ ਉਹੀ ਸਿੱਧਾ-ਸਾਦਾ ਵਿਸ਼ਵਾਸ ਹੈ ਜੋ ਹਜ਼ਰਤ ਇਮਾਮ ਅਬੂ ਹਨੀਫ਼ਾ ਦਾ ਸੀ ਕਿ ਕੁਰਆਨ ਕਰੀਮ ਸਭ ਤੋ ਪ੍ਰਮੁੱਖ(ਸ਼੍ਰੇਸ਼ਠ) ਹੈ ਇਸ ਤੋ ਹੇਠ ਪ੍ਰਮਾਣਿਤ ਹਦੀਸਾਂ ਹਨ ਤੇ ਫਿਰ ਧਰਮ ਸ਼ਾਸਤ੍ਰੀਆਂ ਦੇ ਤਰਕ ਤੇ ਇਜਤਿਹਾਦ(ਕਲਪਨਾ ਤੇ ਅਨੁਮਾਨ ਲਗਾਕੇ ਇਕਮੁਠ ਹੋਕੇ ਫ਼ੈਸਲਾ ਕਰਨਾ) ਹੈ। ਇਸੇ ਅਕੀਦੇ ਮੁਤਾਬਕ ਅਹਿਮਦੀ ਕਈ ਵਾਰ ਆਪਣੇ ਆਪ ਨੂੰ "ਹਨਫ਼ੀ" ਵੀ ਕਹਿੰਦੇ ਹਨ ਜਿਸ ਦੇ ਅਰਥ ਇਹ ਵੀ ਹੁੰਦੇ ਹਨ ਕਿ ਇਮਾਮ ਅਬੂ ਹਨੀਫ਼ਾ ਨੇ ਧਰਮ ਦਾ ਜੋ ਅਸਲ ਮੂਲ ਮੁੱਦਾ ਵਰਨਣ ਕੀਤਾ ਹੈ ਅਸੀਂ ਉਸਨੂੰ ਸਵੀਕਾਰ ਕਰਦੇ ਹਾਂ ਅਤੇ ਕਈ ਵਾਰ ਅਹਿਮਦੀ ਆਪਣੇ ਆਪ ਨੂੰ "ਐਹਲੇ ਹਦੀਸ" ਵੀ ਕਹਿੰਦੇ ਹਨ ਕਿਉਂਕਿ ਅਹਿਮਦੀਅਤ ਅਨੁਸਾਰ ਹਜ਼ਰਤ ਮੁਹੰਮਦ ਰਸੂਲੁੱਲਾਹ ਸਲੱਲਾਹੋ ਅਲੈਹਿ ਸਲੱਅਮ ਦੀ ਗੱਲ ਜੱਦ ਉਹ ਸਿੱਧ ਤੇ ਸਪਸ਼ਟ ਹੋਵੇ ਤਾਂ ਸਾਰੀ ਮਾਨਵ ਜਾਤੀ ਦੀਆ ਗੱਲਾਂ ਤੋਂ ਸ਼੍ਰੇਸ਼ਠ ਹੈ ਇੱਥੋਂ ਤੱਕ ਕਿ ਧਾਰਮਿਕ ਵਿਦਵਾਨਾਂ ਦੇ ਸਾਮੂਹਿਕ ਕਥਨਾ ਉੱਪਰ ਵੀ ਵਿਸ਼ੇਸ਼ਤਾ ਰਖਦਾ ਹੈ।

## ਤਕਦੀਰ

ਜਮਾਤ ਅਹਿਮਦੀਆ ਦੇ ਸੰਬੰਧ ਵਿੱਚ ਜੋ ਭਰਮ ਹਨ ਉਨ੍ਹਾਂ ਵਿੱਚੋ ਇਕ ਇਹ ਵੀ ਭਰਮ ਹੈ ਕਿ ਅਹਿਮਦੀ ਲੋਕ ਤਕਦੀਰ ਦੇ ਇਨਕਾਰੀ ਹਨ।

ਅਹਿਮਦੀ ਲੋਕ ਤਕਦੀਰ ਦੇ ਬਿਲਕੁਲ ਮੁੰਨਕਰ ਨਹੀਂ। ਅਸੀਂ ਇਸ ਗੱਲ ਉੱਪਰ ਵਿਸ਼ਵਾਸ਼ ਰਖਦੇ ਹਾਂ ਕਿ ਖ਼ੁਦਾ ਤਾਅਲਾ ਦੀ ਤਕਦੀਰ ਇਸ ਦੁਨੀਆਂ ਵਿੱਚ ਜਾਰੀ ਹੈ ਅਤੇ ਕਯਾਮਤ ਤਕ ਜਾਰੀ ਰਹੇ ਗੀ ਅਤੇ ਉਸਦੀ ਤਕਦੀਰ ਕੋਈ ਬਦਲ ਨਹੀਂ ਸਕਦਾ। ਅਸੀ ਕੇਵਲ ਇਸ ਗਲ ਦੇ ਖ਼ਿਲਾਫ਼ ਹਾਂ ਕਿ ਚੋਰ ਦੀ ਚੋਰੀ, ਬੇ-ਨਮਾਜ਼ੀ ਦਾ ਨਮਾਜ਼ ਛੱਡਣਾ, ਝੂਠੇ ਦਾ ਝੂਠ, ਧੋਖੇਬਾਜ਼ ਦੇ ਧੋਖੇ, ਕਾਤਲ ਦੇ ਕਤਲ ਅਤੇ ਬਦਕਾਰ ਦੀ ਬਦਕਾਰੀ ਨੂੰ ਅਲੱਾਹ ਵੱਲੋਂ ਨਿਰਧਾਰਤ ਸਮਝਿਆ ਜਾਏ ਅਤੇ ਆਪਣੇ ਮੂੰਹ ਦੀ ਕਾਲਖ ਖੁਦਾ ਤਾਅਲਾ ਦੇ ਮੂੰਹ ਤੇ ਮਲਣ ਦਾ ਜਤਨ ਕੀਤਾ ਜਾਵੇ। ਸਾਡੇ ਅਨੁਸਾਰ ਤਕਦੀਰ ਤੇ ਕਰਮ ਦੋ ਨਹਿਰਾਂ ਇਕੋ ਸਮੇ ਚਲਾਈਆ ਹਨ ਅਤੇ

بَيْنَهُمَا بَرْزَخٌ لَا يَبْغِيٰنِ (الرحمٰن:٢١)

**ਬੈਨਾਹੁਮਾ ਬਰਜ਼ਾਖ਼ੁੰਨ ਲਾ ਯਬਗ਼ਿਯਾਨ**

*(ਸੂਰਤ: ਅਰ-ਰਹਿਮਾਨ,-੨੧)*

ਦੇ ਆਦੇਸ਼ ਅਨੁਸਾਰ ਦੋਹਾਂ ਦੇ ਵਿਚਕਾਰ ਇਕ ਅਜਿਹੀ ਸੀਮਾ ਨਿਸਚਿਤ ਕਰ ਦਿੱਤੀ ਹੈ ਕਿ ਇਹ ਕਦੇ ਵੀ ਆਪੋ ਵਿੱਚ ਟਕਰਾਉਂਦੀਆਂ ਨਹੀਂ। ਕਰਮ ਦਾ ਖੇਤਰ ਆਪਣੀ ਥਾਂ ਹੈ ਅਤੇ ਤਕਦੀਰ(ਭਾਗਯ) ਦਾ ਖੇਤਰ ਆਪਣੀ ਥਾਂ ਹੈ। ਜਿਨ੍ਹਾਂ ਕੰਮਾ ਲਈ ਖ਼ੁਦਾ ਤਾਅਲਾ ਨੇ ਆਪਣੀ ਤਕਦੀਰ ਨੂੰ ਲਾਜ਼ਮੀ ਕਰਾਰ ਦਿੱਤਾ ਹੈ ਉਨ੍ਹਾਂ ਵਿੱਚ ਕਰਮ ਕੁਝ ਨਹੀਂ ਕਰ ਸਕਦਾ ਅਤੇ ਜਿਨ੍ਹਾ ਕੰਮਾ ਲਈ ਉਸਨੇ ਕਰਮ ਦਾ ਮਾਰਗ ਖੋਲਿਆ ਹੈ ਉਨ੍ਹਾਂ ਵਿੱਚ ਤਕਦੀਰ ਉੱਪਰ ਆਸ ਲਗਾ ਕੇ ਬੈਠੇ ਰਹਿਣਾ ਆਪਣੇ ਭਵਿਖ ਨੂੰ ਆਪ ਤਬਾਹ(ਨਸ਼ਟ) ਕਰਨਾ ਹੈ । ਇਸ ਪ੍ਰਕਾਰ ਅਸੀਂ ਜਿਸ ਗੱਲ ਦੀ ਵਿਰੋਧਤਾ ਕਰਦੇ ਹਾਂ ਉਹ ਇਹ ਹੈ ਕਿ ਮਨੁਖ ਆਪਣੇ ਕੁਕਰਮਾਂ ਨੂੰ ਤਕਦੀਰ(ਭਾਗ) ਦੇ ਪਰਦੇ'ਚ ਛੁਪਾਉਣ ਦਾ ਜਤਨ ਕਰੇ ਅਤੇ ਆਪਣੀ ਸੁਸਤੀਆਂ ਤੇ ਗ਼ਫ਼ਲਤਾਂ(ਉਣਤਾਈਆ) ਦਾ ਜਾਇਜ਼ ਹੋਣਾ ਤਕਦੀਰ ਸ਼ਬਦ ਵਿੱਚੋ ਕੱਢੇ ਅਤੇ ਜਿੱਥੇ ਰੱਬ ਨੇ ਕਰਮਾ ਦਾ ਹੁਕਮ ਦਿੱਤਾ ਹੈ ਉੱਥੇ ਤਕਦੀਰ ਉੱਤੇ ਆਸ ਲਾਈ

ਬੈਠਾ ਰਹੇ। ਕਿਉਕਿ ਇਸਦਾ ਸਿੱਟਾ ਹਮੇਸ਼ਾਂ ਖ਼ਤਰਨਾਕ ਨਿਕਲਦਾ ਹੈ। ਮੁਸਲਮਾਨ ਖ਼ੁਦਾਈ ਤਕਦੀਰ ਉੱਪਰ ਨਜ਼ਰ ਰੱਖੀ ਬੈਠੇ ਰਹੇ ਅਤੇ ਜਿਹਾਦ(ਸੰਘਰਸ਼) ਨੂੰ ਤਿਆਗ ਦਿੱਤਾ ਜੋ ਕੌਮੀ ਤਰੱਕੀ ਲਈ ਜਰੂਰੀ ਹੁੰਦਾ ਹੈ। ਉਸਦਾ ਸਿੱਟਾ ਇਹ ਹੋਇਆ ਕਿ ਉਹ 'ਧਰਮ' ਤੋਂ ਤਾ ਗਏ ਹੀ ਦੁਨੀਆ ਤੋ ਵੀ ਸਖਣੇ ਹੋ ਗਏ। ਜੇਕਰ ਉਹ ਇਸ ਗਲ ਦਾ ਖਿਆਲ ਰਖਦੇ ਕਿ ਜਿਨ੍ਹਾਂ ਕੰਮਾ ਲਈ ਖ਼ੁਦਾ ਤਾਅਲਾ ਨੇ ਕਰਮਾਂ ਦਾ ਬੂਹਾ ਖੋਲਿਆ ਹੈ ਉਨ੍ਹਾਂ ਵਿੱਚ ਤਕਦੀਰ ਦਾ ਧਿਆਨ ਰੱਖਣ ਦੀ ਥਾਂ ਕਰਮ ਦਾ ਖਿਆਲ ਰਖਣਾ ਚਾਹੀਦਾ ਹੈ, ਤਾਂ ਉਨਾਂ ਦੀ ਹਾਲਤ ਇੰਨ੍ਹੀ ਨਾ ਡਿਗਦੀ ਅਤੇ ਉਹ ਇਨ੍ਹੇ ਮਾੜੇ ਹਾਲ ਨਾ ਹੁੰਦੇ ਜਿੰਨ੍ਹੇ ਹੁਣ ਹਨ।

## ਜਿਹਾਦ-(ਵਿਧਰਮੀਆਂ ਨਾਲ ਜੰਗ, ਸੰਘਰਸ਼):

ਅਹਿਮਦੀਅਤ ਸੰਬੰਧੀ ਇਕ ਗ਼ਲਤ ਧਾਰਣਾ ਇਹ ਹੈ ਕਿ ਅਹਿਮਦੀ ਜਿਹਾਦ ਦੇ ਮੁਨਕਰ ਹਨ। ਇਹ ਠੀਕ ਨਹੀਂ। ਅਹਿਮਦੀ ਜਿਹਾਦ (ਸੰਘਰਸ਼) ਦੇ ਮੁਨਕਰ ਨਹੀਂ। ਅਹਿਮਦੀਆ ਦਾ ਅਕੀਦਾ ਇਹ ਹੈ ਕਿ ਜੰਗਾਂ ਦੋ ਪ੍ਰਕਾਰ ਦੀਆਂ ਹੁੰਦੀਆ ਹਨ ਇਕ ਜਿਹਾਦ (ਸੰਘਰਸ਼) ਤੇ ਇਕ ਕੇਵਲ ਯੁੱਧ। ਜਿਹਾਦ ਕੇਵਲ ਉਸ ਜੰਗ ਨੂੰ ਕਹਿੰਦੇ ਹਨ ਜਿਸ ਵਿੱਚ ਧਰਮ ਨੂੰ ਬਚਾਉਣ ਲਈ ਲੜਾਈ ਕੀਤੀ ਜਾਵੇ ਅਤੇ ਅਜਿਹੇ ਦੁਸ਼ਮਣਾ ਦਾ ਮੁਕਾਬਲਾ ਕੀਤਾ ਜਾਏ ਜੋ ਧਰਮ ਨੂੰ ਬਲ ਪੂਰਵਕ ਮਿਟਾਉਣਾ ਚਾਹੁੰਦੇ ਹਨ ਅਤੇ ਤਲਵਾਰ ਦੀ ਨੋਕ ਤੇ ਅਕੀਦਾ ਬਦਲਨਾ ਚਾਹੁੰਦੇ ਹਨ, ਜੇਕਰ ਸੰਸਾਰ ਵਿੱਚ ਅਜੇਹੀਆਂ ਘਟਨਾਵਾਂ ਪ੍ਰਗਟ ਹੋਣ ਤੇ ਹਰ ਮੁਸਲਮਾਨ ਉੱਤੇ ਜਿਹਾਦ ਫ਼ਰਜ ਹੋ ਜਾਂਦਾ ਹੈ ਪਰ ਅਜੇਹੇ ਜਿਹਾਦ ਲਈ ਇਕ ਇਹ ਵੀ ਸ਼ਰਤ ਹੈ ਕਿ ਇਸ ਜਿਹਾਦ ਦੀ ਘੋਸ਼ਣਾ 'ਇਮਾਮ' ਵੱਲੋਂ ਹੋਣੀ ਚਾਹੀਦੀ ਹੈ ਤਾਂ ਜੋ ਮੁਸਲਮਾਨਾ ਨੂੰ ਪਤਾ ਲਗ ਸਕੇ ਕਿ ਉਨ੍ਹਾਂ ਵਿੱਚੋਂ ਕਿਸ-ਕਿਸ ਨੂੰ ਜਿਹਾਦ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਕਿਸ-ਕਿਸ ਨੂੰ ਆਪਣੀ ਵਾਰੀ ਦੀ ਉਡੀਕ ਕਰਨੀ ਚਾਹੀਦੀ ਹੈ। ਜੇ ਅਜਿਹਾ ਨਾ ਹੋਵੇ ਤਾਂ ਅਜਿਹਾ ਜਿਹਾਦ ਦਾ ਸਮਾਂ ਆਉਣ'ਤੇ ਜੋ ਮੁਸਲਮਾਨ ਵੀ ਜਿਹਾਦ ਵਿੱਚ ਸ਼ਾਮਲ ਨਹੀਂ ਹੋਵੇਗਾ ਉਹ ਅਪਰਾਧੀ ਹੋਵੇਗਾ, ਪਰ ਜੇਕਰ

ਇਮਾਮ ਹੋਵੇ ਤਾਂ ਉਹੀ ਮੁਸਲਮਾਨ ਅਪਰਾਧੀ ਹੋਵੇਗਾ ਜਿਸ ਨੂੰ ਜਿਹਾਦ ਲਈ ਬੁਲਾਇਆ ਜਾਵੇ ਅਤੇ ਉਹ ਨਾ ਆਵੇ। ਜਦ ਅਹਿਮਦੀ ਜਮਾਤ ਕਿਸੇ ਦੇਸ਼ ਵਿੱਚ ਜਿਹਾਦ ਦਾ ਇਨਕਾਰ ਕਰਦੀ ਸੀ ਤਾਂ ਇਸ ਲਈ ਕਰਦੀ ਸੀ ਕਿ ਧਰਮ ਨੂੰ ਬਲ ਪੂਰਵਕ ਬਦਲਨ ਦਾ ਜਤਨ ਅੰਗਰੇਜ਼ ਨਹੀ ਕਰ ਰਹੇ ਸਨ। ਜੇਕਰ ਅਹਿਮਦੀ ਜਮਾਤ ਦਾ ਇਹ ਖਿਆਲ ਗ਼ਲਤ ਸੀ ਅਤੇ ਅੰਗਰੇਜ਼ ਵਾਸਤਵ ਵਿੱਚ ਬਲ ਨਾਲ ਧਰਮ ਬਦਲਾਉਣ ਦਾ ਜਤਨ ਕਰ ਰਹੇ ਸਨ ਤਾਂ ਫ਼ਿਰ ਯਕੀਨਨ ਜਿਹਾਦ ਜ਼ਰੂਰੀ ਸੀ, ਪਰ ਪ੍ਰਸ਼ਨ ਇਹ ਹੈ ਕਿ ਕੀ ਜਿਹਾਦ ਦੇ ਵਾਜਬ ਹੋ ਜਾਣ ਬਾਦ ਹਰ ਮੁਸਲਮਾਨ ਨੇ ਤਲਵਾਰ ਚੁਕ ਕੇ ਅੰਗਰੇਜ਼ਾ ਦਾ ਮੁਕਾਬਲਾ ਕੀਤਾ? ਜੇਕਰ ਨਹੀਂ ਤਾਂ ਅਹਿਮਦੀ ਤਾਂ ਅਲੱਾਹ ਤਾਅਲਾ ਨੂੰ ਜਵਾਬ ਦੇਣਗੇ ਕਿ ਸਾਡੇ ਅਨੁਸਾਰ ਅਜੇ ਜਿਹਾਦ ਦਾ ਸਮਾਂ ਨਹੀ ਆਇਆ ਸੀ, ਜੇਕਰ ਅਸੀ ਗ਼ਲਤੀ ਕੀਤੀ ਤਾਂ ਸਾਡੀ ਗ਼ਲਤੀ ਸਾਮੂਹਿਕ ਗ਼ਲਤੀ ਸੀ। ਪਰ ਉਨ੍ਹਾਂ ਦੇ ਵਿਰੋਧੀ ਮੌਲਵੀ ਕੀ ਜਵਾਬ ਦੇਣਗੇ? ਕੀ ਉਹ ਇਹ ਕਹਿਣਗੇ ਕਿ ਹੇ ਅਲੱਾਹ! ਜਿਹਾਦ ਦਾ ਸਮਾਂ ਤਾਂ ਸੀ ਅਤੇ ਸਾਡਾ ਵਿਸ਼ਵਾਸ ਸੀ ਕਿ ਜਿਹਾਦ ਦਾ ਸਮਾਂ ਹੈ ਅਤੇ ਅਸੀ ਸਮਝਦੇ ਸੀ ਕਿ ਜਿਹਾਦ ਜ਼ਰੂਰੀ ਤੇ ਫ਼ਰਜ਼ ਹੋ ਗਿਆ ਹੈ ਪਰ ਹੇ ਸਾਡੇ ਖ਼ੁਦਾ ! ਅਸੀਂ ਜਿਹਾਦ ਨਹੀ ਕੀਤਾ ਕਿਉਕਿ ਸਾਡੇ ਦਿਲ ਡਰਦੇ ਸਨ ਅਤੇ ਨ ਹੀ ਅਸੀ ਉਨ੍ਹਾਂ ਲੋਕਾਂ ਨੂੰ ਜਿਹਾਦ ਲਈ ਅੱਗੇ ਭਿਜਵਾਇਆ ਜਿਨ੍ਹਾਂ ਦੇ ਦਿਲ ਨਹੀ ਡਰਦੇ ਸਨ ਕਿਉਕਿ ਅਸੀਂ ਡਰਦੇ ਸ਼ੀ ਕਿ ਅਜਿਹਾ ਕਰਨ ਨਾਲ ਵੀ ਅੰਗਰੇਜ਼ ਸਾਨੂੰ ਫ਼ੜ ਲੈਣਗੇ। ਮੈਂ ਇਹ ਫ਼ੈਸਲਾ ਇਨਸਾਫ਼ ਪਸੰਦ ਲੋਕਾ ਉੱਪਰ ਛਡਦਾ ਹਾਂ ਕਿ ਦੋਹਾਂ ਉੱਤਰਾਂ ਵਿੱਚ ਕਿਹੜਾ ਉੱਤਰ ਅਲੱਾਹ ਦੇ ਸਾਹਮਣੇ ਬਹੁਤਾ ਕਬੂਲ ਕਰਨ ਦੇ ਕਾਬਲ ਹੈ।

ਹੁਣ ਤਕ ਜੋ ਕੁਝ ਮੈਂ ਕਿਹਾ ਉਹ ਉਨ੍ਹਾ ਲੋਕਾ ਦੇ ਭਰਮਾ ਨੂੰ ਦੂਰ ਕਰਨ ਲਈ ਕਿਹਾ ਹੈ ਜੋ ਅਹਿਮਦੀਅਤ ਦਾ ਕੁਝ ਵੀ ਗਿਆਨ ਨਹੀਂ ਰਖਦੇ ਅਤੇ ਅਹਿਮਦੀਅਤ ਦੇ ਪੈਗ਼ਾਮ ਨੂੰ ਉਸਦੇ ਦੁਸ਼ਮਣਾ ਤੋਂ ਸੁਣਦੇ ਜਾਂ ਅਹਿਮਦੀਅਤ ਦਾ ਅਧਿਐਨ ਕੀਤੇ ਬਿਨਾਂ ਆਪਣੇ ਮਨੋਂ ਅਹਿਮਦੀਅਤ ਦੇ ਅਕੀਦੇ ਤੇ ਉਸਦੀ ਸਿਖਿਆਵਾਂ ਬਨਾਉਣਾ ਚਾਹੁੰਦੇ ਹਨ। ਹੁਣ ਮੈ ਉਨ੍ਹਾਂ ਲੋਕਾ ਨੂੰ ਸੰਬੋਧਨ ਕਰਨਾ

ਚਾਹੁੰਦਾ ਹਾਂ ਜਿਨ੍ਹਾਂ ਨੇ ਅਹਿਮਦੀਅਤ ਦਾ ਕੁਝ ਅਧਿਐਨ ਕੀਤਾ ਹੈ ਅਤੇ ਜੋ ਜਾਣਦੇ ਹਨ ਕਿ ਅਹਿਮਦੀ ਖ਼ੁਦਾ ਤਾਅਲਾ ਦੀ ਤੌਹੀਦ ਉੱਪਰ ਯਕੀਨ ਰਖਦੇ ਹਨ। ਹਜ਼ਰਤ ਮੁਹੰਮਦ ਰਸੂਲੁੱਲਾਹ ਸੱਲੱਲਾਹੋ ਅਲੈਹਿ ਵਸੱਲਅਮ ਦੀ ਰਸਾਲਤ ਉੱਪਰ ਵੀ ਯਕੀਨ ਰਖਦੇ ਹਨ, ਕੁਰਆਨ ਕਰੀਮ ਨੂੰ ਵੀ ਮੰਨਦੇ ਹਨ ਹਦੀਸਾਂ ਨੂੰ ਵੀ ਮਨਦੇ ਹਨ, ਨਮਾਜ਼ਾਂ ਵੀ ਪੜ੍ਹਦੇ ਹਨ, ਰੋਜ਼ੇ ਵੀ ਰਖਦੇ ਹਨ, ਹੱਜ ਵੀ ਕਰਦੇ ਹਨ, ਜ਼ਕਾਤ ਵੀ ਦਿੰਦੇ ਹਨ, ਕਯਾਮਤ ਅਤੇ ਹਿਸਾਬ ਵਾਲੇ ਦਿਨ ਉੱਪਰ ਵੀ ਈਮਾਨ ਰਖਦੇ ਹਨ। ਪਰ ਉਹ ਹੈਰਾਨ ਹਨ ਕਿ ਜਦ ਅਹਿਮਦੀ ਦੂਸਰੇ ਮੁਸਲਮਾਨਾ ਵਾਂਗ ਮੁਸਲਮਾਨ ਹਨ ਤਾਂ ਫ਼ਿਰ ਇਸ ਨਵੀਂ ਜਮਾਤ ਨੂੰ ਕਾਇਮ ਕਰਨ ਦੀ ਕੀ ਜਰੂਰਤ ਹੈ? ਉਨ੍ਹਾਂ ਅਨੁਸਾਰ ਅਹਿਮਦੀਆਂ ਦਾ ਅਕੀਦਾ (ਸਿੱਧਾਂਤ) ਤੇ ਉਨ੍ਹਾਂ ਦਾ ਅਮਲ(ਆਚਾਰ) ਖੰਡਨ ਯੋਗ ਨਹੀਂ, ਪਰ ਉਨ੍ਹਾਂ ਅਨੁਸਾਰ ਇਕ ਨਵੀ ਜਮਾਤ ਬਨਾਉਣਾ ਖੰਡਨ ਯੋਗ ਕਾਰਜ ਹੈ ਕਿਉਕਿ ਜਦ ਕੋਈ ਫ਼ਰਕ ਨਹੀਂ ਤਾਂ ਵੱਖ ਕਰਨ ਦੇ ਕੀ ਕਾਰਨ ਜਦ ਕੋਈ ਭਿੰਨਤਾ ਨਹੀਂ ਤਾ ਦੂਸਰੀ ਮਸਜਿਦ ਬਨਾਉਣ ਦਾ ਕੀ ਮੰਤਵ ਹੋਇਆ ?

## ਨਵੀਂ ਜਮਾਤ ਬਨਾਉਣ ਦਾ ਕਾਰਨ:

ਇਸ ਪ੍ਰਸ਼ਨ ਦਾ ਉਤੱਰ ਦੋ ਤਰ੍ਹਾਂ ਦਿੱਤਾ ਜਾ ਸਕਦਾ ਹੈ। ਅਕਲੀ ਤੌਰ ਤੇ ਅਤੇ ਰੂਹਾਨੀ ਤੌਰ ਤੇ। ਅਕਲੀ ਤੌਰ ਤੇ ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਜਮਾਤ ਕੇਵਲ ਸੰਖਿਆ ਦਾ ਨਾਂ ਨਹੀਂ, ਹਜ਼ਾਰ, ਲੱਖ ਜਾ ਕਰੋੜ ਲੋਕਾਂ ਨੂੰ ਜਮਾਅਤ ਨਹੀਂ ਕਹਿੰਦੇ ਸਗੋਂ ਜਮਾਤ ਉਨ੍ਹਾਂ ਲੋਕਾ ਦੇ ਇਕਠ ਨੂੰ ਕਹਿੰਦੇ ਹਨ ਜੋ ਇਕੱਠੇ ਹੋਕੇ ਕੰਮ ਕਰਨ ਦਾ ਫ਼ੈਸਲਾ ਕਰ ਚੁਕੇ ਹੋਣ ਅਤੇ ਇਕ ਨਿਸ਼ਚਿਤ ਪ੍ਰੋਗਰਾਮ ਅਨੁਸਾਰ ਕੰਮ ਕਰ ਰਹੇ ਹੋਣ। ਅਜਿਹੇ ਲੋਕ ਪੰਜ-ਸੱਤ ਵੀ ਹੋਣ ਤਾ ਜਮਾਤ ਹੈ ਅਤੇ ਜਿਨ੍ਹਾਂ ਵਿਚ ਇਹ ਗੱਲ ਨਾ ਹੋਵੇ ਉਹ ਕਰੋੜਾਂ ਦੀ ਗਿਣਤੀ ਜਮਾਤ ਨਹੀਂ। ਹਜ਼ਰਤ ਰਸੂਲੇ ਕਰੀਮ ਸੱਲੱਲਾਹੋ ਅਲੈਹਿ ਵਸਲੱਅਮ ਨੇ ਜੱਦ ਮੱਕੇ ਵਿੱਚ ਨਬੁੱਵਤ(ਨਬੀ ਹੋਣ) ਦਾ ਦਾਅਵਾ ਕੀਤਾ ਤਾਂ ਪਹਿਲੇ ਦਿਨ ਆਪ ਉਪਰ ਕੇਵਲ ਚਾਰ ਲੋਕ ਈਮਾਨ ਲਿਆਏ ਸਨ, ਆਪ ਪੰਜਵੇ ਸਨ। ਪੰਜ ਹੁੰਦਿਆਂ ਹੋਇਆਂ ਵੀ ਜਮਾਤ ਸਨ ਪਰ ਮੱਕੇ ਦੀ ਅੱਠ-ਦਸ ਹਜ਼ਾਰ ਦੀ

ਅਬਾਦੀ ਜਮਾਤ ਨਹੀਂ ਸੀ, ਨਾ ਅਰਬ ਦੀ ਅਬਾਦੀ ਜਮਾਤ ਸੀ ਕਿਉਂਕਿ ਨਾ ਉਨ੍ਹਾਂ ਨੇ ਇਕਠੇ ਹੋਕੇ ਕੰਮ ਕਰਨ ਦਾ ਫ਼ੈਸਲਾ ਕੀਤਾ ਸੀ ਅਤੇ ਨਾ ਹੀ ਉਨ੍ਹਾਂ ਦਾ ਸਾਮੂਹਿਕ ਪ੍ਰੋਗਰਾਮ ਸੀ। ਇਸ ਲਈ ਇਸ ਪ੍ਰਕਾਰ ਦਾ ਪ੍ਰਸ਼ਨ ਕਰਨ ਤੋਂ ਪਹਿਲਾ ਇਹ ਦੇਖਣਾ ਚਾਹੀਦਾ ਹੈ ਕਿ ਕੀ ਇਸ ਸਮੇਂ ਮੁਸਲਮਾਨ ਕੋਈ ਜਮਾਤ ਹਨ? ਕੀ ਦੁਨੀਆਂ ਦੇ ਮੁਸਲਮਾਨ ਸਾਰੇ ਮਾਮਲਿਆ ਵਿੱਚ ਆਪੋ ਵਿੱਚ ਮਿਲਕੇ ਕੰਮ ਕਰਨ ਦਾ ਫ਼ੈਸਲਾ ਕਰ ਚੁਕੇ ਹਨ ਜਾਂ ਉਨ੍ਹਾਂ ਦਾ ਕੋਈ ਨਿਸਚਿਤ ਪ੍ਰੋਗਰਾਮ ਹੈ? ਜਿੱਥੋਂ ਤੱਕ ਹਮਦਰਦੀ ਦਾ ਪ੍ਰਸ਼ਨ ਹੈ ਮੈਂ ਮਨਦਾ ਹਾਂ ਕਿ ਮੁਸਲਮਾਨਾ ਦੇ ਦਿਲਾਂ ਵਿੱਚ ਇਕ ਦੂਜੇ ਦੇ ਪ੍ਰਤੀ ਹਮਦਰਦੀ ਹੈ ਪਰ ਉਹ ਵੀ ਸਾਰੇ ਮੁਸਲਮਾਨਾ ਵਿੱਚ ਨਹੀਂ ਕੁਝ ਦਿਲਾਂ ਵਿੱਚ ਹੈ ਕੁਝ ਦਿਲਾਂ ਵਿੱਚ ਨਹੀਂ ਹੈ ਅਤੇ ਫ਼ਿਰ ਕੋਈ ਅਜਿਹਾ ਪ੍ਰਬੰਧ ਨਹੀ ਜਿਸ ਰਾਹੀਂ ਮਤ-ਭੇਦ ਦੂਰ ਕੀਤੇ ਜਾ ਸਕਣ। ਮਤ-ਭੇਦ ਤਾਂ ਜਮਾਤ ਵਿੱਚ ਵੀ ਹੁੰਦਾ ਹੈ ਸਗੋਂ ਨਬੀਆਂ ਸਮੇਂ ਦੀ ਜਮਾਤ ਵਿੱਚ ਵੀ ਹੁੰਦਾ ਹੈ। ਰਸੂਲੇ ਕਰੀਮ ਸੱਲੱਲਾਹੋ ਅਲੈਹਿ ਵਸਲੱਅਮ ਦੇ ਜ਼ਮਾਨੇ ਵਿੱਚ ਵੀ ਕਈ ਵਾਰ 'ਅੰਸਾਰ' ਅਤੇ 'ਮੁਹਾਜਿਰਾਂ' ਦਾ ਮੱਤ-ਭੇਦ ਹੋ ਗਿਆ ਅਤੇ ਕਈ ਵਾਰ ਦੂਸਰੇ ਕਬੀਲਿਆਂ ਵਿੱਚ ਮਤ-ਭੇਦ ਹੋ ਗਿਆ, ਪਰ ਜਦ ਰਸੂਲੇ ਕਰੀਮ ਸੱਲੱਲਾਹੋ ਅਲੈਹਿ ਵਸਲੱਅਮ ਨੇ ਫ਼ੈਸਲਾ ਕਰ ਦਿੱਤਾ ਤੇ ਉਸੇ ਵਕਤ ਸਾਰਾ ਮੱਤ-ਭੇਦ ਮਿੱਟ ਗਿਆ। ਇਸੇ ਪ੍ਰਕਾਰ ਖ਼ਿਲਾਫ਼ਤ ਸਮੇਂ ਵੀ ਮੱਤ-ਭੇਦ ਹੋਂ ਜਾਂਦਾ ਸੀ ਪਰ ਜਦ ਕੋਈ ਮਤ-ਭੇਦ ਪੈਦਾ ਹੋਇਆ ਤਾਂ ਖ਼ਲੀਫ਼ੇ ਫ਼ੈਸਲਾ ਕਰਦੇ ਅਤੇ ਮਤ-ਭੇਦ ਮਿੱਟ ਜਾਂਦਾ। ਖ਼ਿਲਾਫ਼ਤ ਦੇ ਖ਼ਤਮ ਹੋਣ ਦੇ ਬਾਦ ਵੀ ਕੋਈ ਸੱਤਰ ਸਾਲ ਤਕ ਮੁਸਲਮਾਨ ਇਕ ਰਾਜ ਹੇਠ ਰਹੇ। ਜਿੱਥੇ-ਜਿੱਥੇ ਵੀ ਮੁਸਲਮਾਨ ਸਨ ਉਹ ਇਕ ਨਜ਼ਾਮ(ਪ੍ਰਬੰਧ) ਹੇਠ ਸਨ। ਉਹ ਨਜ਼ਾਮ ਭੈੜਾ ਸੀ ਜਾਂ ਚੰਗਾ ਫਿਰ ਵੀ ਉਸਨੇ ਮੁਸਲਮਾਨਾ ਨੂੰ ਇਕ ਸੰਬੰਧ ਵਿੱਚ ਬੰਨ੍ਹ ਰਖਿਆ ਸੀ। ਇਸ ਮਗਰੋਂ ਮਤ ਭੇਦ ਹੋਇਆ ਅਤੇ ਮੁਸਲਮਾਨ ਦੋ ਧੜਿਆਂ ਵਿੱਚ ਵੰਡੇ ਗਏ। ਸਪੇਨ ਇਕ ਧੜਾ ਬਣ ਗਿਆ ਅਤੇ ਬਾਕੀ ਦੁਨੀਆ ਇਕ ਧੜਾ ਬਣ ਗਈ । ਇਹ ਮਤ-ਭੇਦ ਤਾਂ ਸੀ ਪਰ ਬਹੁਤ ਹੀ ਸੀਮਤ। ਦੁਨੀਆ ਦੇ ਮੁਸਲਮਾਨਾਂ ਦਾ ਬਹੁਤਾ ਭਾਗ ਫ਼ਿਰ ਵੀ ਇਕ ਪ੍ਰਬੰਧ

ਹੇਠ ਚਲ ਰਿਹਾ ਸੀ ਪਰ ਤਿੰਨ ਸ਼ਤਾਬਦੀਆ ਮਗਰੋਂ ਇਹ ਪ੍ਰਬੰਧ ਅਜਿਹਾ ਟੁੱਟਾ ਕਿ ਸਾਰੇ ਮੁਸਲਮਾਨਾ ਵਿੱਚ ਮਤ-ਭੇਦ ਹੋ ਗਿਆ ਅਤੇ ਉਹ ਖੇਰੂੰ-ਖੇਰੂੰ ਹੋ ਗਏ।

ਰਸੂਲੇ ਕਰੀਮ ਸੱਲੱਲਾਹੋ ਅਲੈਹਿ ਵਸਲੱਅਮ ਨੇ ਸੱਚ ਕਿਹਾ ਸੀ:-

خَيْرُ الْقُرُوْنِ قَرْنِىْ ثُمَّ الَّذِيْنَ يَلُوْنَهُمْ ثُمَّ الَّذِيْنَ يَلُوْنَهُمْ ثُمَّ يَفْشُو الْكَذِبُ

(مسلم كتاب الفضائل فى فضل الصحابة ثم الّذين يلونهم)

ਖ਼ੈਰੁਲ ਕੁਰੂਨੇ ਕਰਨੀ ਸੁੱਮਲੱਜ਼ੀਨਾ ਯਲੂਨਾਹੁਮ ਸੁੱਮੱਲਜ਼ੀਨਾ ਯਲੂਨਾਹੁਮ ਸੁੱਮਾ ਯਫ਼ਸ਼ੁਲ ਕਜ਼ੇਬੋ।

(ਮੁਸਲਿਮ-ਕਿਤਾਬੁਲ ਫ਼ਜ਼ਾਇਲ ਫ਼ੀ ਫ਼ਜ਼ਲਿਲ ਸਹਾਬਾਹ ਸੁੱਮਲੱਜ਼ੀਨ ਯਲੂਨਾਹੁਮ)

ਅਰਥਾਤ:- ਸਭ ਤੋ ਚੰਗੀ ਸਦੀ ਮੇਰੀ ਹੈ ਇਸ ਮਗਰੋਂ ਉਹ ਲੋਕ ਹੋਣਗੇ ਜੋ ਦੂਸਰੀ ਸਦੀ ਵਿੱਚ ਹੋਣਗੇ ਅਤੇ ਉਨ੍ਹਾਂ ਤੋ ਬਾਦ ਉਹ ਲੋਕ ਹੋਣਗੇ ਜੋ ਤੀਸਰੀ ਸਦੀ ਵਿੱਚ ਹੋਣਗੇ ਫ਼ਿਰ ਦੁਨੀਆਂ ਤੋ ਸੱਚਾਈ ਮਿੱਟ ਜਾਏਗੀ ਅਤੇ ਜ਼ੁਲਮ-ਅਤਿਆਚਾਰ ਤੇ ਮੱਤ-ਭੇਦ ਦਾ ਦੋਰ ਅਰੰਭ ਹੋ ਜਾਵੇਗਾ।

ਹੋਇਆ ਵੀ ਇਸੇ ਪ੍ਰਕਾਰ ਫ਼ਿਰ ਇਹ ਮਤ-ਭੇਦ ਵਧਦਾ ਗਿਆ ਇੱਥੋਂ ਤਕ ਕਿ ਪਿਛਲੀਆਂ ਤਿੱਨਾਂ ਸਦੀਆ ਵਿੱਚ ਮੁਸਲਮਾਨ ਤਾਂ ਆਪਣੀ ਸਾਰੀ ਤਾਕਤ ਗਵਾ ਬੈਠੇ। ਇਕ ਉਹ ਸਮਾਂ ਸੀ ਕਿ ਸਾਰਾ ਯੁਰੋਪ ਇਕ-ਇਕ ਮੁਸਲਮਾਨ ਸ਼ਾਸਕ ਤੋਂ ਡਰਦਾ ਸੀ। ਅਤੇ ਹੁਣ ਯੁਰੋਪ ਤੇ ਅਮਰੀਕਾ ਦੀ ਕਿਸੇ ਇਕ ਸ਼ਕਤੀ ਦਾ ਮੁਕਾਬਲਾ ਕਰਨ ਦੀ ਤਾਕਤ ਪੂਰੇ ਇਸਲਾਮੀ ਜਗਤ ਵਿੱਚ ਨਹੀਂ। ਯਹੂਦੀਆਂ ਦੀ ਕਿਨ੍ਹੀ ਨਿੱਕੀ ਹਕੂਮਤ ਫ਼ਲਸਤੀਨ ਵਿੱਚ ਬਣੀ ਹੈ, ਸ਼ਾਮ, ਇਰਾਕ, ਲਿਬਨਾਨ, ਸਉਦੀਅਰਬ, ਮਿਸਰ ਅਤੇ ਫ਼ਲਸਤੀਨ ਦੀਆਂ ਫ਼ੋਜਾਂ ਉਸਦਾ ਮੁਕਾਬਲਾ ਕਰ ਰਹੀਆਂ ਹਨ ਪਰ ਸੱਚਾਈ ਇਹ ਹੈ ਕਿ ਯੂ.ਐਨ. ਓ. ਨੇ ਜੋ ਖੇਤਰ ਯਹੂਦੀਆਂ ਨੂੰ ਦਿੱਤਾ ਸੀ ਉਸਤੋਂ ਕਿਤੇ ਬਹੁਤੇ ਖੇਤਰ ਉਪਰ ਯਹੂਦੀਆਂ ਦਾ ਅਧਿਕਾਰ ਹੈ। ਇਹ ਠੀਕ ਹੈ ਕਿ ਯਹੂਦੀ ਹਕੂਮਤ ਦੀ

ਸਹਾਇਤਾ ਅਮਰੀਕਾ ਤੇ ਬ੍ਰਿਟੇਨ ਕਰ ਰਹੇ ਹਨ ਪਰ ਪ੍ਰਸ਼ਨ ਵੀ ਤਾਂ ਇਹੋ ਹੈ ਕਿ ਕਦੇ ਮੁਸਲਮਾਨਾਂ ਦੀ ਇਕ-ਇਕ ਹਕੂਮਤ ਸਾਰੇ ਪੱਛਮ ਉੱਤੇ ਭਾਰੂ ਸੀ, ਅਤੇ ਹੁਣ ਪੱਛਮ ਦੀਆਂ ਕੁਝ ਹਕੂਮਤਾਂ ਸਾਰੇ ਮੁਸਲਮਾਨਾਂ ਤੋਂ ਅਧਿਕ ਸ਼ਕਤੀਸ਼ਾਲੀ ਹਨ। ਇਸ ਲਈ ਜਮਾਤ ਦਾ ਜੋ ਭਾਵ ਹੈ ਇਸ ਸਮੇਂ ਉਸ ਦੇ ਮੁਤਾਬਕ ਮੁਸਲਮਾਨਾ ਦੀ ਕੋਈ ਜਮਾਤ ਨਹੀਂ। ਹਕੂਮਤਾਂ ਹਨ ਜਿਨ੍ਹਾਂ ਵਿੱਚੋ ਪਾਕਿਸਤਾਨ ਦੀ ਹਕੂਮਤ ਸਭ ਤੋ ਵੱਡੀ ਹੈ ਜੋ ਹੁਣ ਬਣੀ ਹੈ ਪਰ ਇਸਲਾਮ ਪਾਕਿਸਤਾਨ ਦਾ ਨਾਂ ਨਹੀਂ, ਨਾ ਇਸਲਾਮ ਮਿਸਰ ਦਾ ਨਾਂ ਹੈ, ਨਾ ਇਸਲਾਮ ਸ਼ਾਮ ਦਾ ਨਾਂ ਹੈ। ਨਾ ਇਸਲਾਮ ਈਰਾਨ ਦਾ ਨਾਂ ਹੈ, ਨ ਇਸਲਾਮ ਅਫ਼ਗਾਨਿਸਤਾਨ ਦਾ ਨਾਂ ਹੈ, ਨ ਇਸਲਾਮ ਸਊਦੀਅਰਬ ਦਾ ਨਾਂ ਹੈ ਇਸਲਾਮ ਤਾਂ ਉਸ ਇਕ ਈਸ਼ਵਰ ਵਾਦ ਦੇ ਸੰਬੰਧ ਦਾ ਨਾਂ ਹੈ ਜਿਸਨੇ ਸਾਰੇ ਮੁਸਲਮਾਨਾ ਨੂੰ ਇਕਮੁੱਠ ਕਰ ਦਿੱਤਾ ਸੀ ਅਤੇ ਅਜਿਹੇ ਕਿਸੇ ਨਜ਼ਾਮ (ਪ੍ਰਬੰਧ) ਦੀ ਇਸ ਸਮੇ ਦੁਨੀਆ ਵਿੱਚ ਹੋਂਦ ਨਹੀਂ। ਪਾਕਿਸਤਾਨ ਨੂੰ ਅਫ਼ਗਾਨਿਸਤਾਨ ਨਾਲ ਹਮਦਰਦੀ ਹੈ ਅਫ਼ਗਾਨਿਸਤਾਨ ਨੂੰ ਪਾਕਿਸਤਾਨ ਨਾਲ ਹਮਦਰਦੀ ਹੈ ਪਰ ਨ ਪਾਕਿਸਤਾਨ ਅਫ਼ਗਾਨਿਸਤਾਨ ਦੀਆਂ ਸਾਰੀਆਂ ਗੱਲਾ ਮੰਨਣ ਲਈ ਤਿਆਰ ਹੈ ਅਤੇ ਨ ਅਫ਼ਗਾਨਿਸਤਾਨ ਪਾਕਿਸਤਾਨ ਦੀ ਹਰ ਗੱਲ ਮਨੰਣ ਲਈ ਤਿਆਰ ਹੈ। ਦੋਹਾਂ ਦੀ ਰਾਜਨੀਤੀ ਵੱਖ-ਵੱਖ ਹੈ ਅਤੇ ਦੋਵੇਂ ਆਪਣੇ ਭੀਤਰੀ ਮਾਮਲਿਆਂ ਵਿੱਚ ਸੁਤੰਤਰ ਹਨ। ਇਹੋ ਹਾਲ ਲੋਂਕਾ ਦਾ ਹੈ। ਅਫ਼ਗਾਨਿਸਤਾਨ ਦੇ ਵਾਸੀ ਆਪਣੀ ਥਾਂ ਸੁਤੰਤਰ ਹਨ, ਪਾਕਿਸਤਾਨ ਦੇ ਵਾਸੀ ਆਪਣੀ ਥਾਂ ਸੁਤੰਤਰ ਹਨ, ਮਿਸਰ ਦੇ ਵਾਸੀ ਆਪਣੀ ਥਾਂ ਸੁਤੰਤਰ ਹਨ। ਉਨਾਂ ਨੂੰ ਇਕ ਲੜੀ ਵਿਚ ਬਨ੍ਹਣ ਵਾਲੀ ਕੋਈ ਚੀਜ਼ ਨਹੀ। ਇਸ ਸਮੇਂ ਮੁਸਲਮਾਨ ਵੀ ਹਨ ਮੁਸਲਮਾਨਾਂ ਦੀਆਂ ਹਕੂਮਤਾਂ ਵੀ ਹਨ ਜਿਨ੍ਹਾਂ ਵਿੱਚੋ ਕੁਝ ਸ਼ਕਤੀ ਸ਼ਾਲੀ ਹਕੂਮਤਾਂ ਵੀ ਹਨ ਪਰ ਫ਼ਿਰ ਵੀ ਮੁਸਲਮਾਨ ਇਕ ਜਮਾਤ ਨਹੀਂ। ਕਲਪਨਾ ਕਰੋ ਜੇ ਪਾਕਿਸਤਾਨ ਦਾ ਬੇੜਾ ਇਨ੍ਹਾਂ ਮਹਾਨ ਹੋ ਜਾਵੇ ਕਿ ਸੰਪੂਰਨ ਹਿੰਦ ਮਹਾਸਾਗਰ ਉੱਪਰ ਹਕੂਮਤ ਕਰਨ ਲਗ ਜਾਏ, ਇਸ ਦੀ ਫ਼ੌਜ ਇਨ੍ਹੀਂ ਠੋਸ ਹੋ ਜਾਵੇ ਕਿ ਭਾਰਤੀ ਯੂਨੀਅਨ ਇਸ ਤੋਂ ਖ਼ੌਫ਼ ਖਾਏ, ਇਸ ਦੀ

ਆਰਥਕ ਅਵਸਥਾ ਇਨ੍ਹੀਂ ਵਧ ਜਾਏ ਕਿ ਦੁਨੀਆ ਦੀਆਂ ਮੰਡੀਆ ਇਸ ਦੇ ਅਧੀਨ ਹੋ ਜਾਣ ਸਗੋਂ ਇਸ ਦੀ ਸ਼ਕਤੀ ਇਨ੍ਹੀ ਵੱਧ ਜਾਏ ਕਿ ਅਮਰੀਕਾ ਦੀ ਤਾਕਤ ਤੋਂ ਵੀ ਅਧਿਕ ਹੋ ਜਾਏ ਤਾਂ ਕੀ ਈਰਾਨ, ਸ਼ਾਮ, ਫਲਸਤੀਨ ਅਤੇ ਮਿਸਰ ਆਪਣੇ ਆਪ ਨੂੰ ਪਾਕਿਸਤਾਨ ਵਿੱਚ ਵਿਲੀਨ ਕਰਨ ਲਈ ਤਿਆਰ ਹੋ ਜਾਣਗੇ? ਸਪਸ਼ਟ ਹੈ ਕਿ ਨਹੀਂ। ਉਹ ਪਾਕਿਸਤਾਨ ਦੀ ਮਹਾਨਤਾ ਤਾਂ ਸਵੀਕਾਰ ਕਰਨ ਲਈ ਤਿਆਰ ਹੋ ਜਾਣਗੇ, ਉਹ ਉਸ ਨਾਲ ਹਮਦਰਦੀ ਕਰਨ ਲਈ ਤਿਆਰ ਹੋਣਗੇ ਪਰ ਉਹ ਆਪਣੀ ਹੋਂਦ ਨੂੰ ਮਿਟਾਉਣ ਲਈ ਕਦੇ ਤਿਆਰ ਨਹੀਂ ਹੋਣਗੇ। ਭਾਵੇ ਖ਼ੁਦਾ ਤਾਅਲਾ ਦੀ ਕ੍ਰਿਪਾ ਨਾਲ ਮੁਸਲਮਾਨਾ ਦੀ ਰਾਜਨੀਤਿਕ ਅਵਸਥਾ ਸੁਧਰ ਰਹੀ ਹੈ, ਅਤੇ ਕੁਝ ਇਕ ਨਵੀਆਂ ਹਕੂਮਤਾ ਕਾਇਮ ਹੋ ਰਹੀਆਂ ਹਨ ਪਰ ਇਸ ਦੇ ਬਾਵਜੂਦ ਦੁਨੀਆ ਭਰ ਦੇ ਮੁਸਲਮਾਨਾ ਨੂੰ ਇਕ ਇਸਲਾਮੀ ਜਮਾਤ ਨਹੀ ਕਹਿ ਸਕਦੇ ਕਿਉਂਕਿ ਉਹ ਵੱਖ-ਵੱਖ ਰਾਜਨੈਤਿਕ ਖੰਡਾ ਵਿੱਚ ਵੰਡੇ ਹੋਏ ਹਨ ਅਤੇ ਭਿੰਨ-ਭਿੰਨ ਹਕੂਮਤਾ ਵਿੱਚ ਵੰਡੇ ਹੋਏ ਹਨ। ਇਨ੍ਹਾਂ ਸਾਰਿਆਂ ਦੀ ਅਵਾਜ਼ ਨੂੰ ਇਕ ਥਾਂ ਇਕੱਠਿਆਂ ਕਰਨ ਵਾਲੀ ਕੋਈ ਤਾਕਤ ਨਹੀਂ, ਪਰ ਇਸਲਾਮ ਤਾਂ ਵਿਸ਼ਵਵਿਆਪੀ ਹੋਣ ਦਾ ਦਾਅਵਾ ਰਖਦਾ ਹੈ। ਇਸਲਾਮ ਅਰਬ ਦੇ ਮੁਸਲਮਾਨਾ ਦਾ ਨਾਂ ਨਹੀਂ, ਇਸਲਾਮ ਸ਼ਾਮਦੇ ਮੁਸਲਮਾਨਾ ਦਾ ਨਾਂ ਨਹੀਂ, ਇਸਲਾਮ ਈਰਾਨ ਦੇ ਮੁਸਲਮਾਨਾ ਦਾ ਨਾਂ ਨਹੀ, ਇਸਲਾਮ ਅਫ਼ਗਾਨਿਸਤਾਨ ਦੇ ਮੁਸਲਮਾਨਾ ਦਾ ਨਾਂ ਨਹੀਂ। ਜਦ ਸੰਸਾਰ ਦੇ ਹਰ ਦੇਸ਼ ਦੇ ਮੁਸਲਮਾਨ ਇਸਲਾਮ ਦੇ ਨਾਂ ਹੇਠ ਇਕੱਠੇ ਹੋ ਜਾਂਦੇ ਹਨ ਤਾਂ ਇਸਲਾਮੀ ਜਮਾਤ ਉਹੋ ਹੋ ਸਕਦੀ ਹੈ ਜੋ ਇਨ੍ਹਾ ਸਾਰੇ ਸਮੂਹਾਂ ਨੂੰ ਇਕੱਠਾ ਕਰਨ ਵਾਲੀ ਹੋਵੇ ਅਤੇ ਜਦ ਤਕ ਅਜੇਹੀ ਜਮਾਤ ਸੰਸਾਰ ਵਿੱਚ ਸਥਾਪਤ ਨ ਹੋਵੇ। ਅਸੀਂ ਕਹਿਣ ਤੇ ਮਜਬੂਰ ਹਾਂ ਕਿ ਇਸ ਸਮੇ ਮੁਸਲਮਾਨਾ ਦੀ ਕੋਈ ਜਮਾਤ ਨਹੀਂ, ਭਾਵੇਂ ਹਕੂਮਤ ਹੈ ਸਰਕਾਰ ਹੈ ਰਾਜਨੀਤੀ ਹੈ। ਇਸੇ ਪ੍ਰਕਾਰ ਨਿਸ਼ਚਿਤ ਪ੍ਰੋਗਰਾਮ ਦਾ ਪ੍ਰਸ਼ਨ ਹੈ, ਜਿੱਥੇ ਅਜੇਹਾ ਕੋਈ ਨਜ਼ਾਮ(ਪ੍ਰਬੰਧ) ਨਹੀਂ ਜੋ ਸਾਰੀ ਦੁਨੀਆ ਦੇ ਮੁਸਲਮਾਨਾ ਨੂੰ ਇਕੱਠਿਆਂ ਕਰ ਸਕੇ ਉੱਥੇ ਮੁਸਲਮਾਨ ਦਾ ਕੋਈ ਸਾਂਝਾ ਪ੍ਰੋਗਰਾਮ ਵੀ ਨਹੀਂ,

ਨ ਰਾਜਨੀਤਿਕ, ਨ ਸਮਾਜਿਕ ਤੇ ਨ ਹੀ ਧਾਰਮਕ। ਵਖਰੇ ਤੌਰ ਤੇ ਕਿਸੇ-ਕਿਸੇ ਥਾਂ ਮੁਸਲਮਾਨਾ ਦਾ ਇਸਲਾਮ ਵਿਰੋਧੀਆਂ ਨਾਲ ਮੁਕਾਬਲਾ ਕਰ ਲੈਣਾ ਹੋਰ ਗਲ ਹੈ ਅਤੇ ਇਕ ਮੁੱਠ ਹੋਕੇ ਇਕ ਵਿਸ਼ੇਸ਼ ਪ੍ਰਬੰਧ ਦੇ ਹੇਠ ਚਾਰੇ ਪਾਸਿਓਂ ਦੁਸ਼ਮਣ ਦਾ ਜਾਇਜ਼ਾ ਲੈਕੇ ਉਸਦੇ ਮੁਕਾਬਲੇ ਦੀ ਕੋਸ਼ਿਸ਼ ਕਰਨਾ ਇਕ ਹੋਰ ਗੱਲ ਹੈ। ਇਸ ਲਈ ਪ੍ਰੋਗਰਾਮ ਦੇ ਪੱਖੋਂ ਵੀ ਮੁਸਲਮਾਨ ਇਕ ਜਮਾਤ ਨਹੀਂ। ਅਜੇਹੀ ਅਵਸਥਾ ਵਿੱਚ ਜੇਕਰ ਕੋਈ ਜਮਾਤ ਕਾਇਮ ਹੋਵੇ ਅਤੇ ਉਪਰੋਕਤ ਉਦੇਸ਼ਾਂ ਨੂੰ ਲੈਕੇ ਬਣੇ ਤਾਂ ਉਸ ਉੱਪਰ ਇਹ ਦੋਸ਼ ਨਹੀ ਲਾਇਆ ਜਾ ਸਕਦਾ ਕਿ ਉਹ ਇਕ ਨਵੀ ਜਮਾਤ ਬਣ ਗਈ ਹੈ ਸਗੋ ਇਉਂ ਕਹਿਣਾ ਚਾਹਿਦਾ ਹੈ ਕਿ ਪਹਿਲਾ ਕੋਈ ਜਮਾਤ ਨਹੀਂ ਸੀ ਹੁਣ ਇਕ ਜਮਾਤ ਬਣ ਗਈ ਹੈ। ਮੈ ਉਨ੍ਹਾਂ ਸਜਣਾਂ ਨੂੰ ਜਿਨ੍ਹਾਂ ਦੇ ਮਨਾਂ ਵਿੱਚ ਇਕ ਸ਼ੰਕਾ ਉਤਪੰਨ ਹੁੰਦੀ ਹੈ ਕਿ ਇਕ ਨਮਾਜ਼, ਇਕ ਕਿਬਲਾ, ਇਕ ਕੁਰਆਨ ਅਤੇ ਇਕ ਰਸੂਲ ਹੋਣ ਦੇ ਬਾਵਜੂਦ ਫ਼ਿਰ ਅਹਿਮਦੀ ਜਮਾਤ ਨੇ ਵੱਖਰੀ ਜਮਾਤ ਕਿਉਂ ਬਣਾਈ, ਕਹਿੰਦਾ ਹਾਂ ਕਿ ਉਹ ਇਸ ਬਿੰਦੂ ਉੱਪਰ ਗ਼ੌਰ ਕਰਨ ਤੇ ਵਿਚਾਰ ਕਰਨ ਕਿ ਇਸਲਾਮ ਨੂੰ ਫਿਰ ਇਕ ਜਮਾਤ ਬਨਾਉਣ ਦਾ ਸਮਾ ਆ ਚੁਕਿਆ ਹੈ। ਇਕ ਕਾਰਜ ਲਈ ਕਦੋਂ ਤਕ ਉਡੀਕਿਆ ਜਾਏਗਾ? ਮਿਸਰ ਦੀ ਹਕੂਮਤ ਆਪਣੀ ਥਾਂ ਆਪਣਾ ਕਾਰਜ ਕਰ ਰਹੀ ਹੈ, ਈਰਾਨ ਦੀ ਹਕੂਮਤ ਆਪਣੀ ਥਾਂ ਆਪਣਾ ਕਰ ਰਹੀ ਹੈ, ਅਫ਼ਗਾਨਿਸਤਾਨ ਦੀ ਹਕੂਮਤ ਆਪਨੀ ਥਾਂ ਆਪਣਾ ਕਾਰਜ ਕਰ ਰਹੀ ਹੈ ਹੋਰਨਾ ਇਸਲਾਮੀ ਹਕੂਮਤਾ ਆਪਣੀ ਆਪਣੀ ਥਾਂ ਆਪਣਾ-ਆਪਣਾ ਕਰਜ ਕਰ ਰਹੀਆਂ ਹਨ ਪਰ ਇਨ੍ਹਾਂ ਸਾਰਿਆ ਦੀ ਹੋਂਦ ਵਿੱਚ ਵੀ ਵਿਕ ਵਿੱਥ ਬਾਕੀ ਹੈ, ਇਕ ਘਾਟ ਬਾਕੀ ਹੈ। ਇਸ ਵਿੱਥ ਤੇ ਘਾਟ ਨੂੰ ਪੂਰਾ ਕਰਨ ਲਈ ਅਹਿਮਦੀਆ ਜਮਾਤ ਕਾਇਮ ਹੋਈ ਹੈ। ਜਦ ਤੁਰਕਾਂ ਦੀ ਖ਼ਿਲਾਫ਼ਤ(ਉਸਮਾਨੀ ਖ਼ਿਲਾਫ਼ਤ) ਨੂੰ ਤੁਰਕਾਂ ਨੇ ਖ਼ਤਮ ਕਰ ਦਿੱਤਾ ਤੇ ਮਿਸਰ ਦੇ ਕੁਝ ਬੁੱਧੀ ਜੀਵੀਆਂ ਨੇ (ਕੁਝ ਭੇਤੀਆ ਦੇ ਮਤ-ਅਨੁਸਾਰ ਸ਼ਾਹੇ ਮਿਸਰ ਦੇ ਇਸ਼ਾਰੇ ਤੇ) ਇਕ ਖ਼ਿਲਾਫ਼ਤ ਤਹਰੀਕ ਸ਼ੁਰੂ ਕੀਤੀ ਅਤੇ ਇਸ ਤਹਰੀਕ ਤੋਂ ਉਨਾਂ ਦਾ ਮੰਤਵ ਇਹ ਸੀ ਕਿ ਸ਼ਾਹੇ ਮਿਸਰ ਨੂੰ ਮੁਸਲਮਾਨਾ ਦਾ ਖਲੀਫ਼ਾ

ਸਵੀਕਾਰ ਕਰ ਲਿਆ ਜਾਵੇ ਅਤੇ ਇਸ ਪ੍ਰਕਾਰ ਮਿਸਰ ਨੂੰ ਦੂਸਰੇ ਇਸਲਾਮੀ ਦੇਸ਼ਾ ਉੱਪਰ ਵਿਸ਼ੇਸ਼ਤਾ ਪ੍ਰਾਪਤ ਹੋ ਜਾਏ। ਸਊਦੀ ਅਰਬ ਨੇ ਇਸ ਦੀ ਵਿਰੋਧਤਾ ਸ਼ੁਰੂ ਕਰ ਦਿੱਤੀ ਅਤੇ ਇਹ ਡੰਡ ਪਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਤਹਰੀਕ ਅੰਗਰੇਜ਼ਾ ਦੀ ਚੁਕ ਹੈ ਜੇਕਰ ਕੋਈ ਵਿਅਕਤੀ ਖ਼ਿਲਾਫ਼ਤ ਦਾ ਅਧਿਕਾਰੀ ਹੈ ਤਾਂ ਉਹ ਸਊਦੀ ਅਰਬ ਦਾ ਬਾਦਸ਼ਾਹ ਹੈ। ਜਿੱਥੋਂ ਤਕ ਖ਼ਿਲਾਫ਼ਤ ਦਾ ਸੰਬੰਧ ਹੈ ਉਹ ਇਕ ਨਿਸ਼ਚਿਤ ਹੀ ਅਜੇਹਾ ਸੰਬੰਧ ਹੈ ਜਿਸ ਤੋਂ ਸਾਰੇ ਮੁਸਲਮਾਨ ਇਕੱਠੇ ਹੋ ਸਕਦੇ ਹਨ ਪਰ ਜਦ ਇਹ ਖਿਲਾਫ਼ਤ ਦਾ ਸ਼ਬਦ ਕਿਸੇ ਖ਼ਾਸ ਬਾਦਸ਼ਾਹ ਦੇ ਨਾਲ ਵਿਸ਼ੇਸ਼ ਹੋਣ ਲੱਗਾ ਤਾਂ ਦੂਸਰੇ ਬਾਦਸ਼ਾਹਾਂ ਨੇ ਫ਼ੌਰਨ ਤਾੜ ਲਿਆ ਕਿ ਸਾਡੀ ਹਕੂਮਤ ਵਿੱਚ ਰੋਕ ਪਾਈ ਜਾ ਰਹੀ ਹੈ ਅਤੇ ਲਾਹੇਵੰਦ ਤਹਰੀਕ ਬੇਕਾਰ ਹੋ ਗਈ। ਜੇਕਰ ਇਹੋ ਤਹਰੀਕ ਜਨਤਾ ਵਿੱਚ ਪੈਦਾ ਹੋ ਜਾਵੇ ਅਤੇ ਨਿਰੋਲ ਧਾਰਮਕ ਭਾਵਨਾ ਇਸ ਪਿੱਛੇ ਕੰਮ ਕਰ ਰਹੀ ਹੋਵੇ ਤਾਂ ਕੋਈ ਵੀ ਰਾਜਨੈਤਿਕ ਵਿਪੱਖਤਾ ਇਸ ਮਾਰਗ ਵਿੱਚ ਵਿਘਨ ਨਹੀ ਪਾਏਗੀ ਕੇਵਲ ਜਮਾਤੀ ਖਿੱਚੋਤਾਣ ਹੀ ਇਸ ਮਾਰਗ ਵਿਚ ਰੁਕਾਵਟ ਬਣੇਗੀ। ਰਾਜਨੈਤਿਕ ਵਿਪਖਤਾ ਦੇ ਕਾਰਣ ਅਜੇਹੀ ਤਹਰੀਕ ਇਸੇ ਦੇਸ਼ ਵਿੱਚ ਸੀਮਿਤ ਹੋ ਕੇ ਰਹਿ ਜਾਏਗੀ, ਜਿਸ ਦੀ ਸਰਕਾਰ ਉਸਦੇ ਸਮਰਥਨ ਵਿੱਚ ਹੋਵੇਗੀ। ਪਰ ਜਮਾਤੀ ਵਿਰੋਧਤਾ ਦੇ ਕਾਰਣ ਉਹ ਕਿਸੇ ਦੇਸ਼ ਵਿੱਚ ਸੀਮਤ ਨਹੀਂ ਰਹੇਗੀ ਸਗੋਂ ਹਰ ਇਕ ਦੇਸ਼ ਵਿੱਚ ਫ਼ੈਲੇਗੀ ਆਪਣੀਆਂ ਜੜ੍ਹਾਂ ਬਣਾਏਗੀ ਸਗੋਂ ਅਜੇਹੇ ਦੇਸ਼ਾ ਵਿੱਚ ਜਾਕੇ ਸਫ਼ਲ ਹੋਵੇਗੀ ਜਿੱਥੇ ਇਸਲਾਮੀ ਸਰਕਾਰ ਨਹੀਂ। ਕਿਉਂਕਿ ਰਾਜਨੈਤਿਕ ਟਕਰਾਓ ਨ ਹੋਣ ਕਾਰਣ ਅਰੰਭਕ ਸਮੇਂ ਵਿੱਚ ਸਰਕਾਰਾਂ ਉਸਦੀ ਵਿਰੋਧਤਾ ਨਹੀ ਕਰਨਗੀਆਂ। ਇਹੋ ਕਾਰਨ ਹੈ ਕਿ ਅਹਿਮਦੀਅਤ ਦਾ ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ। ਅਹਿਮਦੀਅਤ ਦਾ ਮੰਤਵ ਕੇਵਲ ਮੁਸਲਮਾਨਾ ਵਿੱਚ ਏਕਤਾ ਪੈਦਾ ਕਰਨਾ ਸੀ। ਉਹ ਰਾਜ ਦੀ ਚਾਹਵਾਨ ਨਹੀਂ, ਉਹ ਬਾਦਸ਼ਾਹਤ ਦੀ ਚਾਹ ਵਾਨ ਨਹੀਂ। ਅੰਗਰੇਜ਼ਾ ਨੇ ਆਪਣੇ ਦੇਸ਼ ਵਿੱਚ ਕਈ ਵਾਰ ਅਹਿਮਦੀਅਤ ਨੂੰ ਦੁੱਖ ਪਹੁੰਚਾਏ ਹਨ ਪਰ ਇਸ ਦੇ ਨਿਰੋਲ ਧਾਰਮਕ ਹੋਣ ਕਾਰਣ ਇਸ ਨਾਲ ਖੁਲੇ-ਆਮ ਟੱਕਰ ਲੈਣੀ ਜਰੂਰੀ ਨਹੀਂ ਸਮਝੀ।

ਅਫ਼ਗਾਨਿਸਤਾਨ ਵਿੱਚ ਮੌਲਾਣਿਆਂ ਤੋਂ ਡਰ ਕੇ ਕਈ ਵਾਰ ਬਾਦਸ਼ਾਹਾਂ ਨੇ ਵੀ ਸਖ਼ਤੀ ਕੀਤੀ ਪਰ ਪ੍ਰਾਇਵੇਟ ਮੁਲਾਕਾਤਾਂ ਸਮੇਂ ਆਪਣੀ ਮਜਬੂਰੀਆਂ ਵੀ ਪ੍ਰਗਟ ਕਰਦੇ ਰਹੇ ਅਤੇ ਖਿਮਾਂ ਵੀ ਮੰਗਦੇ ਰਹੇ। ਇਸੇ ਪ੍ਰਕਾਰ ਦੂਸਰੇ ਇਸਲਾਮੀ ਦੇਸ਼ਾ ਵਿੱਚ ਜਨਤਾ ਨੇ ਵਿਰੋਧ ਕੀਤਾ, ਮੁਲੱਾਵਾਂ ਨੇ ਵਿਰੋਧ ਕੀਤਾ ਅਤੇ ਉਨ੍ਹਾਂ ਤੋ ਡਰਕੇ ਹਕੂਮਤਾਂ ਨੇ ਕਈ ਵਾਰ ਰੋਕਾਂ ਪਾਈਆਂ ਪਰ ਕਿਸੇ ਵੀ ਸਰਕਾਰ ਨੇ ਇਹ ਨਹੀ ਸਮਝਿਆ ਕਿ ਇਹ ਤਹਰੀਕ ਸਾਡੀ ਸਰਕਾਰ ਦਾ ਤਖ਼ਤਾ ਪਲਟਣ ਲਈ ਬਣੀ ਹੈ ਅਤੇ ਇਹ ਵਿਚਾਰ ਉਂਨ੍ਹਾਂ ਦਾ ਬਿਕੁਲ ਠੀਕ ਸੀ। ਅਹਿਮਦੀਅਤ ਦੀ ਰਾਜਨੀਤਿ ਨਾਲ ਕੋਈ ਗ਼ਰਜ਼ ਨਹੀ। ਅਹਿਮਦੀਅਤ ਕੇਵਲ ਇਸ ਉਂਦੇਸ਼ ਲਈ ਕਾਇਮ ਹੋਈ ਹੈ ਕਿ ਮੁਸਲਮਾਨਾ ਦੀ ਧਾਰਮਕ ਹਾਲਤ ਨੂੰ ਠੀਕ ਕਰੇ ਅਤੇ ਉਨ੍ਹਾਂ ਨੂੰ ਇਕ ਰਿਸ਼ਤੇ ਵਿੱਚ ਬਨ੍ਹ ਦੇਵੇ ਤਾਂ ਜੋ ਉਹ ਰਲ-ਮਿਲ ਕੇ ਇਸਲਾਮ ਦੇ ਦੁਸ਼ਮਨਾ ਨਾਲ ਆਪਣੇ ਅਖ਼ਲਾਕੀ ਤੇ ਰੂਹਾਨੀ ਹਥਿਆਰਾਂ ਨਾਲ ਮੁਕਾਬਲਾ ਕਰ ਸਕਣ। ਇਸ ਗੱਲ ਨੂੰ ਸਮਝਦੇ ਹੋਏ ਅਮਰੀਕਾ ਵਿੱਚ ਅਹਿਮਦੀ ਪ੍ਰਚਾਰਕ ਗਏ ਜਿੱਸ ਹੱਦ ਤਕ ਉਂਹ ਏਸ਼ਿਆਈ ਲੋਕਾਂ ਦੀ ਵਿਰੋਧਤਾ ਕਰਦੇ ਹਨ ਉਨ੍ਹਾਂ ਨੇ ਅਹਿਮਦੀ ਪ੍ਰਚਾਰਕਾਂ ਦੀ ਵੀ ਵਿਰੋਧਤਾ ਕੀਤੀ, ਪਰ ਜਿੱਥੋਂ ਤੱਕ ਧਾਰਮਕ ਤਹਰੀਕ ਦਾ ਪ੍ਰਸ਼ਨ ਸੀ ਉਨ੍ਹਾਂ ਨੇ ਵਿਰੋਧਤਾ ਨਹੀ ਕੀਤੀ। ਡੱਚ ਸਰਕਾਰ ਨੇ ਇੰਡੋਨੇਸ਼ੀਆ ਵਿੱਚ ਵੀ ਇਸੇ ਪ੍ਰਕਾਰ ਕੰਮ ਕੀਤਾ। ਜਦ ਉਨ੍ਹਾਂ ਦੇਖਿਆਂ ਕਿ ਰਾਜਨੀਤਿ ਵਿੱਚ ਇਹ ਸਾਡੇ ਨਾਲ ਨਹੀਂ ਟਕਰਾਉਂਦੇ, ਤਾਂ ਭਾਵੇਂ ਉਨ੍ਹਾਂ ਨੇ ਗੁਪਤ ਨਿਗਰਾਨੀ ਵੀ ਕੀਤੀ। ਉਪਰਾਮਤਾ ਵੀ ਕੀਤੀ ਪਰ ਖ਼ੁਲਕੇ ਅਹਿਮਦੀਅਤ ਨਾਲ ਟਕਰਾਉਣ ਦੀ ਜ਼ਰੂਰਤ ਨਹੀਂ ਸਮਝੀ, ਅਤੇ ਇਸ ਰਵੱਯੇ ਵਿੱਚ ਉਹ ਪੂਰੀ ਤਰ੍ਹਾਂ ਹੱਕ ਦੇ ਪੱਖ ਵਿੱਚ ਸਨ। ਕਿਉਂਕਿ ਫ਼ਿਰਵੀ ਅਸੀਂ ਉਨ੍ਹਾਂ ਦੇ ਧਰਮ ਦੇ ਵਿਰੁਧ ਪ੍ਰਚਾਰ ਕਰਦੇ ਸੀ। ਇਸ ਲਈ ਸਾਨੂੰ ਉਨ੍ਹਾਂ ਤੋਂ ਕਿਸੇ ਹਮਦਰਦੀ ਦੀ ਆਸ ਨਹੀਂ ਸੀ, ਪਰ ਅਸੀਂ ਉਨ੍ਹਾਂ ਦੀ ਰਾਜਨੀਤੀ ਤੋਂ ਸਿੱਧੇ ਟਕਰਾਉਂਦੇ ਵੀ ਨਹੀਂ ਸੀ। ਇਸ ਲਈ ਉਨ੍ਹਾਂ ਦਾ ਵੀ ਕੋਈ ਹੱਕ ਨਹੀਂ ਸੀ ਕਿ ਸਾਡੇ ਨਾਲ ਸਿੱਧੇ ਟਕਰਾਉਂਦੇ। ਇਸ ਦਾ ਸਿੱਟਾ ਇਹ ਹੋਇਆ ਕਿ ਹੁਣ ਜਮਾਤ ਅਹਿਮਦੀਆ ਲਗ-ਭਗ ਹਰ ਦੇਸ਼ ਵਿੱਚ ਕਾਇਮ

ਹੈ। ਭਾਰਤ ਵਿੱਚ ਵੀ, ਅਫ਼ਗ਼ਾਨਿਸਤਾਨ ਵਿੱਚ ਵੀ, ਈਰਾਨ ਵਿੱਚ ਵੀ, ਇਰਾਕ ਵਿੱਚ ਵੀ, ਸ਼ਾਮ ਵਿੱਚ ਵੀ, ਫ਼ਲਸਤੀਨ ਵਿੱਚ ਵੀ, ਮਿਸਰ ਵਿੱਚ ਵੀ, ਇਟਲੀ ਵਿੱਚ ਵੀ, ਸੁਵਿਟਜ਼ਰਲੈਂਡ ਵਿੱਚ ਵੀ, ਜਰਮਨੀ ਵਿੱਚ ਵੀ, ਇੰਗਲੈਂਡ ਵਿੱਚ ਵੀ, ਯੁਨਾਇਟਡ ਸਟੇਟ ਆਫ਼ ਅਮਰੀਕਾ ਵਿੱਚ ਵੀ, ਇੰਡੋਨੇਸ਼ੀਆ, ਮਲਾਯਾ, ਈਸਟ ਤੇ ਵੈਸਟ ਅਫ਼ਰੀਕਾ, ਏਬੇਸੀਨੀਆ ,ਇਥੋਪੀਆ ,ਅਰਜਨ ਟਾਇਨਾ ਭਾਵ ਇਹ ਕਿ ਹਰ ਇਕ ਦੇਸ਼ ਵਿੱਚ ਥੋੜੀ ਜਾਂ ਬਹੁਤੀ ਜਮਾਤ ਮੌਜੂਦ ਹੈ ਅਤੇ ਉਨ੍ਹਾ ਦੇਸ਼ਾਂ ਦੇ ਨਾਗਰਿਕਾਂ ਵਿੱਚੋਂ ਜਮਾਤ ਮੌਜੂਦ ਹੈ। ਇਹ ਨਹੀਂ ਕਿ ਉੱਥੇ ਵੱਸਣ ਵਾਲੇ ਭਾਰਤੀ ਅਹਿਮਦੀ ਹੋ ਗਏ ਹੋਣ। ਉਹ ਅਜੇਹੇ ਸੱਚੇ ਤੇ ਨੇਕ ਲੋਕ ਹਨ ਕਿ ਆਪਣੇ ਜੀਵਨ ਇਸਲਾਮ ਦੀ ਸੇਵਾ ਲਈ ਕੁਰਬਾਨ ਕਰ ਰਹੇ ਹਨ। ਇਕ ਅੰਗਰੇਜ਼ ਲੈਫ਼ਟੀਨੈਂਟ ਆਪਣੀ ਜਿੰਦਗੀ ਵਕਫ਼ ਕਰਕੇ ਇਸ ਸਮੇਂ ਇੰਗਲੈਂਡ ਵਿਚ ਪ੍ਰਚਾਰਕ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ, ਪੱਕੇ ਤੌਰ ਤੇ ਨਮਾਜ਼ੀ ਹੈ, ਸ਼ਰਾਬ ਆਦਿ ਦੇ ਨੇੜੇ ਨਹੀਂ ਜਾਂਦਾ ਆਪ ਮਿਹਨਤ ਮਜ਼ਦੂਰੀ ਕਰਕੇ ਪੈਸੇ ਕਮਾਕੇ ਟਰੈਕਟ ਆਦਿ ਪ੍ਰਕਾਸ਼ਤ ਕਰਦਾ ਹੈ ਜਾਂ ਜਲਸੇ ਕਰਦਾ ਹੈ ਅਸੀਂ ਉਸਨੂੰ ਗੁਜ਼ਾਰੇ ਲਈ ਇੰਨੀ ਥੋੜੀ ਰਕਮ ਦਿੰਦੇ ਹਾ ਕਿ ਉੱਥੋਂ ਦਾ ਚੂੜ੍ਹਾ ਵੀ ਜ਼ਿਆਦਾ ਕਮਾਉਂਦਾ ਹੈ ਇਸੇ ਪ੍ਰਕਾਰ ਜਰਮਨੀ ਦੇ ਇਕ ਵਿਅਕਤੀ ਨੇ ਜੀਵਨ ਅਰਪਿਤ ਕੀਤਾ ਹੈ ਉਹ ਵੀ ਫ਼ੌਜੀ ਅਫ਼ਸਰ ਹੈ ਬੜੇ ਜਤਨਾ ਪਿੱਛੋਂ ਜਰਮਨੀ'ਚੋਂ ਨਿਕਲਨ'ਚ ਸਫ਼ਲ ਹੋਇਆ ਹੈ। ਹੁਣ ਸੂਚਨਾ ਮਿਲੀ ਹੈ ਕਿ ਉਹ ਸੁਵਿਟਜ਼ਰਲੈਂਡ ਪਹੁੰਚ ਗਿਆ ਹੈ ਅਤੇ ਉੱਥੇ ਵੀਜੇ ਦੀ ਉਡੀਕ ਕਰ ਰਿਹਾ ਹੈ ਇਹ ਨੌਜਵਾਨ ਇਸਲਾਮ ਦੀ ਸੇਵਾ ਦਾ ਜੋਸ਼ ਤੇ ਉਤਸ਼ਾਹ ਆਪਣੇ ਅੰਦਰ ਰਖਦਾ ਹੈ ਅਤੇ ਇਸ ਕਾਰਣ ਪਾਕਿਸਤਾਨ ਆ ਰਿਹਾ ਹੈ ਕਿ ਇਥੇ ਇਸਲਾਮੀ ਵਿਦਿਆ ਪੂਰੀ ਤਰ੍ਹਾਂ ਪ੍ਰਾਪਤ ਕਰਕੇ ਕਿਸੇ ਹੋਰ ਦੇਸ਼ ਵਿੱਚ ਇਸਲਾਮ ਦਾ ਪ੍ਰਚਾਰ ਕਰੇ।

ਜਰਮਨੀ ਦਾ ਇਕ ਹੋਰ ਲੇਖਕ ਅਤੇ ਉਸ ਦੀ ਪੜ੍ਹੀ ਲਿਖੀ ਪਤਨੀ ਜਿੰਦਗੀ ਵਕਫ਼ ਕਰਨ ਦਾ ਨਿਸਚਾ ਪ੍ਰਗਟ ਕਰ ਰਹੇ ਹਨ ਅਤੇ ਆਸ ਹੈ ਕਿ ਛੇਤੀ ਹੀ ਇਸ ਸਿੱਟੇ ਉੱਪਰ ਪਹੁੰਚ ਕੇ ਇਸਲਾਮੀ ਵਿਦਿਆ ਲਈ

ਪਾਕਿਸਤਾਨ ਆ ਜਾਣ।

ਇਸੇ ਪ੍ਰਕਾਰ ਹਾਲੈਂਡ ਦਾ ਇਕ ਜਵਾਨ ਇਸਲਾਮ ਲਈ ਆਪਣਾ ਜੀਵਨ ਵਕਫ਼ ਕਰਨ ਦਾ ਫ਼ੈਸਲਾ ਕਰ ਚੁਕਾ ਹੈ ਅਤੇ ਛੇਤੀ ਹੀ ਕਿਸੇ ਨ ਕਿਸੇ ਦੇਸ਼ ਵਿੱਚ ਇਸਲਾਮੀ ਪ੍ਰਚਾਰ ਦੇ ਕੰਮ ਵਿੱਚ ਲੱਗ ਜਾਏਗਾ।

(ਨੋਟ:-ਇਹ ਲੇਖ ੧੯੪੮ ਈ. ਦਾ ਹੈ। ਇਸ ਮਗਰੋਂ ਜਮਾਤ ਅਹਿਮਦੀਆ ਸੰਸਾਰ ਦੇ ੧੯੮ ਦੇਸ਼ਾਂ ਵਿੱਚ ਪੱਕੇ ਤੌਰ ਤੇ ਕਾਇਮ ਹੋ ਚੁਕੀ ਹੈ।-ਪ੍ਰਕਾਸ਼ਕ।)

ਭਾਵੇਂ ਜਮਾਤ ਅਹਿਮਦੀਆ(ਸੰਖਿਆ ਵਿੱਚ) ਥੋੜ੍ਹੀ ਹੈ ਪਰ ਦੇਖਣ ਦੀ ਗਲ ਇਹ ਹੈ ਕਿ ਇਸ ਰਾਹੀਂ ਇਸਲਾਮੀ ਜਮਾਤ ਕਾਇਮ ਹੋ ਰਹੀ ਹੈ। ਹਰ ਦੇਸ਼ ਵਿੱਚ ਕੁਝ-ਨ-ਕੁਝ ਲੋਕ ਇਸ ਵਿੱਚ ਸ਼ਾਮਲ ਹੋਕੇ ਇਕ ਵਿਸ਼ਵ ਵਿਆਪੀ ਏਕਤਾ ਦੀ ਨੀਂਹ ਰੱਖ ਰਹੇ ਹਨ ਅਤੇ ਹਰ ਇਕ ਰਾਜਨੀਤਿ ਦੇ ਮਨੰਣ ਵਾਲੇ ਲੋਕਾ ਵਿੱਚੋ ਕੁਝ ਨਾ ਕੁਝ ਲੋਕ ਇਸ ਵਿੱਚ ਸ਼ਾਮਲ ਹੋ ਰਹੇ ਹਨ। ਅਜੇਹੀ ਤਹਰੀਕਾਂ(ਅੰਦੋਲਨ) ਦਾ ਅਰੰਭ ਸ਼ੁਰੂ ਵਿੱਚ ਬਹੁਤ ਛੋਟਾ ਹੋਇਆ ਕਰਦਾ ਹੈ ਪਰ ਸਮਾਂ ਪਾਕੇ ਇਕ ਮਹਾਂਸ਼ਕਤੀ ਬਣ ਜਾਂਦੀ ਹੈ ਅਤੇ ਕੁਝ ਦਿਨਾਂ ਵਿੱਚ ਏਕਤਾ ਤੇ ਸਹਿਮਤਿ ਦਾ ਬੀ ਬੀਜਣ ਵਿੱਚ ਸਫ਼ਲ ਹੋ ਜਾਂਦੀ ਹੈ। ਸਪਸ਼ਟ ਹੈ ਰਾਜਨੀਤਿਕ ਸ਼ਕਤੀ ਲਈ ਰਾਜਨੀਤਿਕ ਪਾਰਟੀਆਂ ਦੀ ਜ਼ਰੂਰਤ ਹੈ ਅਤੇ ਧਾਰਮਕ ਤੇ ਅਖ਼ਲਾਕੀ(ਸਦਾਚਾਰਕ) ਸ਼ਕਤੀ ਲਈ ਧਾਰਮਕ ਤੇ ਅਖ਼ਲਾਕੀ ਜਮਾਤ ਦੀ ਜ਼ਰੂਰਤ ਹੈ। ਜਮਾਤ ਅਹਿਮਦੀਆ ਇਸੇ ਲਈ ਵੱਖ ਰਹਿੰਦੀ ਹੈ, ਜੇਕਰ ਉਹ ਇਨ੍ਹਾ ਗੱਲਾ ਵਿੱਚ ਦਖ਼ਲ ਦੇਵੇ ਤਾਂ ਉਹ ਆਪਣੇ ਕੰਮ ਵਿੱਚ ਸੁਸਤ ਹੋ ਜਾਵੇਗੀ।

## ਜਮਾਤ ਅਹਿਮਦੀਆ ਦਾ ਪ੍ਰੋਗਰਾਮ:

ਦੂਸਰਾ ਪ੍ਰਸ਼ਨ ਪ੍ਰੋਗਰਾਮ ਦਾ ਹੈ। ਪ੍ਰੋਗਰਾਮ ਦੇ ਪੱਖੋਂ ਵੀ ਜਮਾਤ ਅਹਿਮਦੀਆ ਦਾ ਇਕ ਨਿਸਚਿਤ ਪ੍ਰੋਗਰਾਮ ਹੈ ਹੋਰ ਕੋਈ ਜਮਾਤ ਨਿਸ਼ਚਿਤ ਪ੍ਰੋਗਰਾਮ ਨਹੀਂ ਰੱਖਦੀ। ਜਮਾਤ ਅਹਿਮਦੀਆ ਇਸਾਈਆਂ ਦੇ ਹਮਲੇ ਦਾ ਪੂਰਾ

ਅੰਦਾਜ਼ਾ ਲਗਾਕੇ ਹਕ ਦੇਸ਼ ਵਿੱਚ ਉਸਦਾ ਮੁਕਾਬਲਾ ਕਰ ਰਹੀ ਹੈ। ਇਸ ਸਮੇਂ ਸੰਸਾਰ ਦਾ ਸਭਤੋਂ ਕਮਜ਼ੋਰ ਖ਼ੇਤਰ ਅਤੇ ਕੁਝ ਕਾਰਣਾ ਪੱਖੋਂ ਸਭ ਤੋਂ ਸ਼ਕਤੀਸ਼ਾਲੀ ਖੇਤਰ ਅਫ਼ਰੀਕਾ ਹੈ। ਈਸਾਈਮਤ ਨੇ ਇਸ ਸਮੇਂ ਆਪਣੀ ਪੂਰੀ ਸ਼ਕਤੀ ਨਾਲ ਅਫ਼ਰੀਕਾ ਉੱਪਰ ਧਾਵਾ ਬੋਲ ਦਿੱਤਾ ਅਤੇ ਖੁੱਲੇ ਸ਼ਬਦਾਂ ਵਿੱਚ ਆਪਣੇ ਵਿਚਾਰ ਪ੍ਰਗਟ ਰਕ ਰਹੇ ਹਨ, ਇਸ ਤੋਂ ਪਹਿਲਾਂ ਕੇਵਲ ਈਸਾਈ ਪਾਦਰੀਆਂ ਦੀ ਸੋਚ ਇੱਧਰ ਜਾ ਰਹੀ ਸੀ, ਫਿਰ ਇਗਲੈਂਡ ਦੀ ਕਨਸਰਵੇਟਿਵ ਪਾਰਟੀ ਦਾ ਧਿਆਨ ਇੱਧਰ ਹੋਇਆ ਅਤੇ ਫਿਰ ਲੇਬਰ ਪਾਰਟੀ ਨੇ ਵੀ ਘੋਸ਼ਣਾ ਕਰ ਦਿੱਤੀ ਕਿ ਯੂਰੋਪ ਦੀ ਸ਼ਕਤੀ ਦਾ ਆਧਾਰ ਅਫ਼ਰੀਕਾ ਦੀ ਪ੍ਰਗਤੀ ਅਤੇ ਸੰਗਠਨ ਹੈ ਪਰ ਯੂਰੋਪ ਸਮਝਦਾ ਸੀ ਕਿ ਪ੍ਰਗਤੀ ਤੇ ਸੰਗਠਨ ਉਸੇ ਰੂਪ ਵਿੱਚ ਲਾਭਦਾਇਕ ਹੋ ਸਕਦੀ ਹੈ ਜਦ ਉਸਦੇ ਵਾਸੀ ਈਸਾਈ ਹੋ ਜਾਂਣ। ਅਹਿਮਦੀਅਤ ਨੇ ਇਸ ਭੇਦ ਨੂੰ ਚੌਵੀ (੨੪) ਸਾਲ ਪਹਿਲਾ ਭਾਂਪ ਲਿਆ ਅਤੇ ਆਪਣੇ ਪ੍ਰਚਾਰਕ ਉੱਥੇ ਭਿਜਵਾ ਦਿੱਤੇ ਜਿੱਥੇ ਹਜ਼ਾਰਾਂ ਲੋਕ ਈਸਾਈਮਤ ਤਿਆਗਕੇ ਮੁਸਲਮਾਨ ਹੋ ਗਏ ਅਤੇ ਇਸ ਸਮੇਂ ਅਫ਼ਰੀਕਾ ਵਿੱਚ ਸਭਤੋਂ ਅਧਿਕ ਸੰਗਠਿਤ ਇਸਲਾਮੀ ਜਮਾਤ ਅਹਿਮਦੀਅਤ ਦੀ ਹੈ ਜਿਸਦਾ ਮੁਕਾਬਲਾ ਕਰਨ ਤੋਂ ਈਸਾਈਆਂ ਨੇ ਗੁਰੇਜ਼ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਲੇਖਾਂ ਵਿੱਚ ਲਗਾਤਾਰ ਇਸ ਗੱਲ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਕਿ ਜਮਾਤ ਅਹਿਮਦੀਆ ਦੀ ਕਾਰਜ ਕਾਰਨੀਆਂ ਨੇ ਈਸਾਈ ਪ੍ਰਚਾਰਕਾਂ ਦੇ ਜਤਨਾ ਨੂੰ ਅਸਫ਼ਲ ਕਰ ਦਿੱਤਾ ਹੈ। ਇਹੋ ਇਸਲਾਮੀ ਪ੍ਰਚਾਰ ਪੂਰਬੀ ਅਫ਼ਰੀਕਾ ਵਿੱਚ ਕਈ ਸਾਲਾਂ ਤੋਂ ਚਲ ਰਿਹਾ ਹੈ ਪਰ ਅਜੇ ਕੰਮ ਦਾ ਅਰੰਭ ਹੈ ਅਤੇ ਇਸ ਕਾਰਣ ਅਜੇ ਇਨ੍ਹੇ ਸੋਹਣੇ ਸਿੱਟੇ ਪ੍ਰਾਪਤ ਨਹੀ ਹੋਏ ਜਿੰਨੇ ਪਛਮੀ ਅਫ਼ਰੀਕਾ ਵਿੱਚ ਪ੍ਰਾਪਤ ਹੋਏ ਹਨ। ਫ਼ਿਰ ਈਸਾਈਆਂ ਵਿੱਚੋਂ ਕੁਝ ਲੋਕ ਮੁਸਲਮਾਨ ਹੋਣੇ ਸ਼ੁਰੂ ਹੋ ਗਏ ਹਨ ਅਤੇ ਆਸ ਹੈ ਕਿ ਕੁਝ ਸਾਲਾਂ ਵਿੱਚ ਇੱਥੇ ਵੀ ਪ੍ਰਚਾਰਕਾ ਦੇ ਜਤਨਾਂ ਨਾਲ ਚੰਗੇ ਸਿੱਟੇ ਪ੍ਰਾਪਤ ਹੋਣਗੇ।

ਇੰਡੋਨੇਸ਼ੀਆ ਅਤੇ ਮਲਾਯਾ ਵਿੱਚ ਵੀ ਲੰਮੇ ਸਮੇ ਤੋਂ ਸਾਡੇ ਮਿਸ਼ਨ ਕਾਇਮ ਹਨ ਅਤੇ ਇਸਲਾਮ ਤੋਂ ਦੂਰ ਹੁੰਦੇ ਲੋਕਾਂ ਨੂੰ ਰੋਕਣ ਇਕੱਠਿਆਂ ਕਰਨ

ਤੇ ਸੰਗਠਤ ਕਰਕੇ ਦੁਸ਼ਮਣਾ ਦੇ ਮੁਕਾਬਲੇ ਲਈ ਖੜਾ ਕਰਨ ਦੇ ਜਤਨ ਕੀਤੇ ਜਾ ਰਹੇ ਹਨ। ਅਮਰੀਕਾ ਈਸਾਈ ਸ਼ਕਤੀਆਂ ਵਿੱਚ ਸਭ ਤੋ ਅੱਗੇ ਹੈ ਉੱਥੇ ਵੀ ਅਹਿਮਦੀ ਪ੍ਰਚਾਰਕ ਕੰਮ ਕਰ ਰਹੇ ਹਨ ਅਤੇ ਹਜ਼ਾਰਾਂ ਅਮਰੀਕਾ ਵਾਸੀ ਅਹਿਮਦੀ ਹੋ ਚੁਕੇ ਹਨ ਅਤੇ ਹਜ਼ਾਰਾ ਰੁਪਏ ਇਸਲਾਮ ਦੇ ਪ੍ਰਚਾਰ ਲਈ ਖਰਚ ਕਰ ਰਹੇ ਹਨ। ਅਮਰੀਕਾ ਦੇ ਦੌਲਤ ਦੇ ਮੁਕਾਬਲੇ ਵਿੱਚ ਇਹ ਕੁਝ ਵੀ ਨਹੀਂ ਅਤੇ ਉੱਥੋਂ ਦੇ ਪਾਦਰੀਆ ਦੇ ਜਤਨਾਂ ਦੇ ਮੁਕਾਬਲੇ ਇਹ ਬਿਲਕੁਲ ਤੁੱਛ ਜਤਨ ਹੈ ਪਰ ਪ੍ਰਸ਼ਨ ਤਾਂ ਇਹ ਹੈ ਕਿ ਮੁਕਾਬਲਾ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਜਿੱਤ ਪ੍ਰਾਪਤ ਹੋ ਰਹੀ ਹੈ ਕਿ ਕਿਉਂਕਿ ਅਸੀਂ ਈਸਾਈਮਤ ਦੇ ਆਦਮੀ ਖੋਹਕੇ ਆਪਣੇ ਵੱਲ ਲਿਆ ਰਹੇ ਹਾਂ। ਜਦਕਿ ਈਸਾਈ ਮੱਤ ਸਾਡੇ ਆਦਮੀ ਖੋਹਕੇ ਆਪਣੇ ਵੱਲ ਨਹੀਂ ਲਿਜਾ ਸਕਦੇ। ਸੋ ਇਹ ਨਹੀ ਕਹਿਣਾ ਚਾਹੀਦਾ ਕਿ ਅਹਿਮਦੀਆਂ ਨੇ ਇਕ ਨਵੀਂ ਜਮਾਤ ਕਿਉਂ ਕਾਇਮ ਕੀਤੀ ਹੈ, ਕਹਿਣਾ ਇਹ ਚਾਹੀਦਾ ਹੈ ਕਿ ਅਹਿਮਦੀਅਤ ਨੇ ਇਕ ਜਮਾਤ ਕਾਇਮ ਕਰ ਦਿੱਤੀ ਹੈ ਜਦ ਕਿ ਇਸ ਤੋ ਪਹਿਲਾ ਕੋਈ ਜਮਾਤ ਨਹੀ ਸੀ ਅਤੇ ਕੀ ਇਹ ਸ਼ੰਕਾ ਯੋਗ ਗੱਲ ਹੈ ਸਗੋ ਪ੍ਰਸ਼ੰਸਾ ਯੋਗ ਗੱਲ ਹੈ?

## ਅਹਿਮਦੀਆਂ ਨੂੰ ਦੂਸਰੀ ਜਮਾਤਾਂ ਤੋ ਵੱਖ ਰੱਖਣ ਦਾ ਕਾਰਣ

ਕੁਝ ਲੋਕ ਕਹਿੰਦੇ ਹਨ ਅਜੇਹੀ ਕੋਈ ਜਮਾਤ ਬਨਾਉਣ ਦੀ ਜਰੂਰਤ ਕੀ ਸੀ। ਇਹੋ ਗੱਲਾਂ ਦੂਸਰੇ ਮੁਸਲਮਾਨਾ ਵਿੱਚ ਫ਼ਲਾਉਣੀਆ ਚਾਹੀਦੀਆ ਸਨ। ਇਸ ਦਾ ਉੱਤਰ ਇਹ ਹੈ ਕਿ ਇਕ ਕਮਾਂਡਰ ਕੇਵਲ ਉਨ੍ਹਾਂ ਲੋਕਾਂ ਨੂੰ ਜੰਗ ਵਿੱਚ ਭੇਜ ਸਕਦਾ ਹੈ ਜੋ ਫ਼ੌਜ ਵਿੱਚ ਭਰਤੀ ਹੋ ਚੁਕੇ ਹਨ , ਜੋ ਲੋਕ ਫ਼ੋਜ਼ ਵਿੱਚ ਭਰਤੀ ਨਹੀਂ ਉਹ ਉਨ੍ਹਾਂ ਨੂੰ ਕਿਵੇਂ ਭੇਜ ਸਕਦਾ ਹੈ? ਜੇਕਰ ਕੋਈ ਜਮਾਤ ਹੀ ਨਾ ਬਣਾਈ ਜਾਂਦੀ ਤਾਂ ਬਾਨੀ ਜਮਾਤ ਅਹਿਮਦੀਆ ਕਿਸ ਤੋਂ ਕੰਮ ਲੈਂਦਾ ? ਅਤੇ ਕਿਸ ਨੂੰ ਆਗਿਆ ਦਿੰਦਾ ? ਅਤੇ ਉਨ੍ਹਾਂ ਦੇ ਖ਼ਲੀਫ਼ੇ ਕਿਸ ਤੋ ਕੰਮ ਲੈਂਦੇ ? ਕਿਸ ਨੂੰ ਆਗਿਆ ਦਿੰਦੇ ? ਕੀ ਉਹ ਬਜ਼ਾਰ ਵਿੱਚ ਫ਼ਿਰਨਾ ਸ਼ੁਰੂ ਕਰਦੇ ਅਤੇ ਹਰ ਮੁਸਲਮਾਨ ਨੂੰ ਪਕੜਕੇ ਕਹਿੰਦੇ ਅੱਜ ਫ਼ਲਾਣੀ ਥਾਂ ਇਸਲਾਮ

ਲਈ ਜਰੂਰਤ ਹੈ ਤੂੰ ਉੱਥੇ ਜਾਂ ਅਤੇ ਅੱਗੋਂ ਉੱਤਰ ਦਿੰਦਾ ਮੈਂ ਤਾਂ ਆਪ ਦੀ ਗੱਲ ਮੰਨਣ ਨੂੰ ਤਿਆਰ ਨਹੀ ਅਤੇ ਫ਼ਿਰ ਅਗੱਲੇ ਆਦਮੀ ਨੂੰ ਜਾਕੇ ਪਕੜਦੇ ਅਤੇ ਫ਼ਿਰ ਉਸ ਤੇ ਅਗਲੇ ਆਦਮੀ ਨੂੰ ਜਾਕੇ ਪਕੜਦੇ। ਇਹ ਇਕ ਅਕਲੀ ਸੱਚਾਈ ਹੈ ਕਿ ਜਦ ਕੋਈ ਨਿਸ਼ਚਿਤ ਕਾਰਜ ਕਰਨਾ ਹੋਵੇ ਤਾਂ ਉਸ ਲਈ ਜਮਾਤ ਦੀ ਜਰੂਰਤ ਹੁੰਦੀ ਹੈ ਬਿਨਾਂ ਅਜੇਹੀ ਜਮਾਤ ਦੇ ਕੋਈ ਸੰਗਠਤ ਕਾਰਜ ਨਹੀਂ ਹੋ ਸਕਦਾ। ਜੇਕਰ ਇਹ ਆਖੀਏ ਕਿ ਜਮਾਤ ਤਾ ਬਾਣਾਉਂਦੇ ਪਰ ਸਾਰਿਆ ਨਾਲ ਮਿਲੇ-ਜੁਲੇ ਰਹਿੰਦੇ ਤਾ ਇਸ ਦਾ ਉੱਤਰ ਇਹ ਹੈ ਕਿ ਜਾਨ ਜੋਖ਼ਮ ਵਿੱਚ ਪਾਉਣ ਵਾਲੇ ਕੰਮਾਂ ਲਈ ਹਰ ਵਿਅਕਤੀ ਕਿੱਥੇ ਤਿਆਰ ਹੁੰਦਾ ਹੈ? ਅਜੇਹੇ ਕੰਮ ਦੀਵਾਨੇ ਹੀ ਕਰਦੇ ਹਨ ਅਤੇ ਦੀਵਾਨਿਆਂ ਨੂੰ ਚਲਾਕਾਂ ਤੋਂ ਵੱਖ ਰਖਣਾ ਜਰੂਰੀ ਹੁੰਦਾ ਹੈ। ਜੇਕਰ ਹੁਸ਼ਿਆਰ ਦੀਵਾਨਿਆਂ ਨੂੰ ਵੀ ਆਪਣੇ ਵਾਂਗ ਬਣਾ ਲੈਣਗੇ ਤਾਂ ਫ਼ਿਰ ਅਜੇਹੇ ਕੰਮ ਕੌਣ ਕਰੇਗਾ। ਭਾਵ ਇਹ ਕਿ ਇਸ ਪ੍ਰਕਾਰ ਦੂਸਰਿਆ ਤੋਂ ਵੱਖ ਰਹਿਣਾ ਆਪਣੇ ਆਪ ਸੁਭਾਵ ਵਿੱਚ ਅਸ਼ਚਰਜ ਪੈਦਾ ਕਰਦਾ ਹੈ ਅਤੇ ਲੋਕ ਆਪ ਹੀ ਆਪ ਛਾਨ-ਬੀਨ ਤੇ ਖੋਜ ਸ਼ੁਰੂ ਕਰ ਦਿੰਦੇ ਹਨ ਅਤੇ ਅੰਤ ਇਕ ਦਿਨ ਉਸੇ ਚੀਜ਼ ਦਾ ਸ਼ਿਕਾਰ ਹੋ ਜਾਂਦੇ ਹਨ ਜਿਸਨੂੰ ਮਿਟਾਉਣ ਲਈ ਉਹ ਅੱਗੇ ਵੱਧਦੇ ਹਨ।

ਇਸ ਲਈ ਇਹ ਸਾਰੀਆ ਸ਼ੰਕਾਵਾਂ ਸੋਚ-ਵਿਚਾਰ ਨ ਕਰਨ ਦੀ ਘਾਟ ਦਾ ਸਿੱਟਾ ਹਨ। ਜੇਕਰ ਸੋਚ-ਵਿਚਾਰ ਕੇ ਕੰਮ ਲਿਆ ਜਾਵੇ ਤਾਂ ਸਮਝ ਆ ਸਕਦੀ ਹੈ ਕਿ ਅਸਲ ਵਿੱਚ ਉਹੋ ਮਾਰਗ ਠੀਕ ਹੈ ਜੋ ਅਹਿਮਦੀਅਤ ਨੇ ਅਪਣਾਇਆ ਹੈ। ਇਸੇ ਠੀਕ ਮਾਰਗ ਉੱਪਰ ਅਮਲ ਕਰਕੇ ਹੀ ਉਹ ਇਸਲਾਮ ਲਈ ਕੁਰਬਾਨੀ ਕਰਨ ਵਾਲੀ ਇਕ ਜਮਾਤ ਪੈਦਾ ਕਰ ਸਕਦੀ ਹੈ ਅਤੇ ਜਦ ਤੱਕ ਉਹ ਇਸ ਤਰੀਕੇ ਉੱਪਰ ਅਮਲ ਕਰਦੀ ਰਹੇਗੀ ਦਿਨ ਪ੍ਰਤਿ-ਦਿਨ ਅਜੇਹੇ ਲੋਕਾਂ ਦੀ ਸੰਖਿਆ ਵੱਧਦੀ ਚਲੀ ਜਾਏਗੀ। ਇੱਥੋਂ ਤੱਕ ਕਿ 'ਕੁਫ਼ਰ' ਅਨੁਭਵ ਕਰੇਗਾ ਕਿ ਹੁਣ ਇਸਲਾਮ ਸ਼ਕਤੀ ਸ਼ਾਲੀ ਹੋ ਗਿਆ ਹੈ ਅਤੇ ਇਸਲਾਮ ਉੱਪਰ ਆਪਣੀ ਪੂਰਨ ਸ਼ਕਤੀ ਨਾਲ ਹਮਲਾ ਕਰੇਗਾ ਪਰ ਹਮਲੇ ਦਾ ਸਮਾਂ ਬਤੀਤ ਹੋ ਚੁਕਾ ਹੋਵੇਗਾ। ਮੈਦਾਨ ਇਸਲਾਮ ਦੇ ਹੱਥ ਹੀ

ਰਹੇਗਾ ਅਤੇ ਕੁਫ਼ਰ ਹਾਰ ਜਾਏਗਾ। ਅਸੀਂ ਰਾਜਨੀਤਿ ਕਰਨ ਵਾਲਿਆਂ ਦੇ ਮਾਰਗ ਵਿੱਚ ਰੋਕ ਨਹੀ ਬਣਦੇ। ਅਸੀਂ ਉਨ੍ਹਾਂ ਤੋਂ ਕਹਿੰਦੇ ਹਾਂ ਕਿ ਜਦ ਤਕ ਤੁਹਾਡੀ ਸਮਝ ਵਿੱਚ ਸਾਡੀਆਂ ਗੱਲਾ ਨਾ ਆਉਣ ਤੁਸੀ ਆਪਣਾ ਕਾਰਜ ਕਰਦੇ ਜਾਓ, ਪਰ ਅਸੀਂ ਉਨਾਂ ਤੋ ਇਹ ਵੀ ਚਾਹੁੰਦੇ ਹਾਂ ਕਿ ਉਹ ਸਾਨੂੰ ਆਪਣੇ ਮਾਰਗ ਤੋਂ ਨ ਰੋਕਣ। ਜੇਕਰ ਕਿਸੇ ਦੀ ਸਮਝ ਵਿੱਚ ਉਨ੍ਹਾਂ ਦਾ ਤਰੀਕਾ ਚੰਗਾ ਲੱਗੇ ਤਾਂ ਉਹ ਉਨ੍ਹਾਂ ਤੋਂ ਜਾ ਮਿਲੇ ਅਤੇ ਜੇਕਰ ਕਿਸੇ ਦੀ ਸਮਝ ਵਿੱਚ ਸਾਡਾ ਤਰੀਕਾ ਚੰਗਾ ਲੱਗੇ ਤੇ ਸਾਡੇ ਨਾਲ ਆ ਮਿਲੇ। ਉਨ੍ਹਾਂ ਦੇ ਤਰੀਕੇ ਵਿੱਚ ਕੁਰਬਾਨੀ ਘੱਟ ਤੇ ਸ਼ੁਹਰਤ ਜ਼ਿਆਦਾ ਹੈ ਅਤੇ ਸਾਡੇ ਤਰੀਕੇ ਵਿੱਚ ਕੁਰਬਾਨੀ ਜਿਆਦਾ ਤੇ ਸ਼ੁਹਰਤ ਘੱਟ। ਉਨ੍ਹਾਂ ਨੂੰ ਉਨ੍ਹਾਂ ਦਾ ਹਿੱਸਾ ਮਿਲ ਦਾ ਰਹੇਗਾ ਅਤੇ ਸਾਨੂੰ ਸਾਡਾ ਹਿੱਸਾ ਮਿਲਦਾ ਰਹੇਗਾ। ਜਿਨ੍ਹਾਂ ਲੋਕਾਂ ਦੇ ਸੰਮੁਖ ਬੁੱਧੀ ਤੇ ਸੱਚਾਈ ਦੇ ਪੱਖੋਂ ਇਸਲਾਮ ਦੀ ਸਥਾਪਨਾ ਜ਼ਿਆਦਾ ਜ਼ਰੂਰੀ ਹੋਵੇਗੀ ਉਹ ਸਾਡੇ ਨਾਲ ਆ ਰਲਨਗੇ। ਅਤੇ ਜਿਹੜੇ ਲੋਕ ਰਾਜ ਸੁੱਖ ਦੇ ਭੋਗਣ ਦੇ ਇੱਛੁਕ ਹੋਣਗੇ ਉਨਾਂ ਨਾਲ ਜਾ ਰਲਣਗੇ। ਪਰ ਅਸੀ ਲੜੀਏ ਕਿਉ ਅਤੇ ਝਗੜੀਏ ਕਿਉ ? ਦੋਵੇਂ ਹੀ ਕੌਮ ਖ਼ਾਤਰ ਤੜਪ ਰਹੇ ਹਨ, ਭਾਵੇ ਵੱਖ-ਵੱਖ ਅੰਗਾ ਵਿੱਚ ਪੀੜਾਂ ਉਠ ਰਹੀਆਂ ਹਨ ਉਨ੍ਹਾਂ ਦੇ ਦਿਮਾਗ਼ ਵਿੱਚ ਪੀੜਾ ਹੈ ਸਾਡੇ ਮਨ ਕਸ਼ਟ ਭੋਗ ਰਹੇ ਹਨ।

ਇਹ ਤਾਂ ਮੈਂ ਸਾਧਾਰਣ ਗਿਆਨ ਤੇ ਅਧਾਰਤ ਉੱਤਰ ਦਿੱਤਾ ਹੈ, ਹੁਣੇ ਮੈਂ ਆਤਮਕ ਦ੍ਰਿਸ਼ਟੀ ਤੋਂ ਦਿੰਦਾ ਹਾਂ ਅਤੇ ਮੇਰੇ ਅਨੁਸਾਰ ਉਹੋ ਹੀ ਉੱਤਰ ਹੈ।

ਇਸ ਪ੍ਰਸ਼ਨ ਦਾ ਆਤਮਕ ਤੌਰ ਤੇ ਇਹ ਉਤੱਰ ਹੈ ਕਿ ਅਲੱਾਹ ਤਾਅਲਾ ਦੀ ਆਦਿ ਕਾਲ ਤੋਂ ਇਹੋ ਰੀਤਿ ਹੈ ਕਿ ਜਦ ਕਦੇ ਦੁਨੀਆਂ ਵਿੱਚ ਅਧਰਮ ਫ਼ੈਲ ਜਾਂਦਾ ਹੈ ਅਤੇ ਅਧਿਆਤਮਕਤਾ ਦਾ ਨਾਸ਼ ਹੋ ਜਾਂਦਾ ਹੈ। ਲੋਕ ਦੁਨੀਆ ਨੂੰ ਧਰਮ ਉੱਪਰ ਪਹਿਲ ਦੇਣ ਲਗਦੇ ਹਨ ਤਾਂ ਉਸ ਸਮੇਂ ਅਲੱਾਹ ਆਪਣੇ ਬੰਦੇਆਂ ਨੂੰ ਸੁਮਾਰਗ ਅਤੇ ਅਗਵਾਈ ਲਈ ਕਿਸੇ ਸੁਧਾਰਕ ਨੂੰ ਭੇਜਦਾ ਹੈ ਤਾਂ ਜੋ ਉਸ ਦੇ ਭੁੱਲੇ ਹੋਏ ਬੰਦੇਆਂ ਨੂੰ ਫ਼ਿਰ ਉਸਦੇ ਵੱਲ ਵਾਪਸ ਲਿਆਏ ਅਤੇ ਉਸਦੇ ਭੇਜੇ ਹੋਏ ਦੀਨ(ਧਰਮ) ਨੂੰ ਫ਼ਿਰ ਦੁਨੀਆ ਵਿੱਚ ਕਾਇਮ ਕਰੇ।

ਕਈਵਾਰ ਇਹ ਸੁਧਾਰਕ ਸ਼ਰੀਅਤ(ਨਵਾਂ ਧਾਰਮਿਕ ਵਿਧਾਨ) ਨਾਲ ਲਿਆਉਂਦੇ ਹਨ ਅਤੇ ਕਈ ਵਾਰ ਕਿਸੇ ਪਹਿਲੀ ਸ਼ਰੀਅਤ ਨੂੰ ਕਾਇਮ ਕਰਨ ਲਈ ਆਉਂਦੇ ਹਨ। ਕੁਰਆਨ ਕਰੀਮ ਵਿੱਚ ਅਲੱਾਹ ਤਾਅਲਾ ਦੀ ਇਸ ਸੁੰਨਤ(ਮਰਯਾਦਾ) ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਅਤੇ ਵਾਰ-ਵਾਰ ਮਨੁਖਤਾ ਨੂੰ ਅਲੱਾਹ ਤਾਅਲਾ ਦੇ ਇਸ ਰਹਿਮ ਤੇ ਕ੍ਰਿਪਾ ਨੂੰ ਪਛਾਨਣ ਵੱਲ ਧਿਆਨ ਖਿਚਿਆ ਗਿਆ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖ਼ੁਦਾ ਤਾਅਲਾ ਮਹਾਨ ਹੈ ਅਤੇ ਮਨੁੱਖ ਉਸ ਦੇ ਮੁਕਾਬਲੇ ਵਿੱਚ ਇਕ ਕੀੜੇ ਤੋਂ ਵੀ ਤੁਛ ਹੈ ਪਰ ਇਸ ਵਿੱਚ ਵੀ ਕੋਈ ਸ਼ੰਕਾ ਨਹੀਂ ਕਿ ਅਲੱਾਹ ਤਾਅਲਾ ਦੇ ਸਾਰੇ ਕੰਮ ਭੇਦ ਭਰਪੂਰ ਹੁੰਦੇ ਹਨ ਅਤੇ ਉਹ ਕੋਈ ਕੰਮ ਵੀ ਅਕਾਰਣ ਜਾਂ ਬਿਨ੍ਹਾਂ ਕਿਸੇ ਲਾਭ ਦੇ ਨਹੀਂ ਕਰਦਾ। ਅਲੱਾਹ ਤਾਅਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ:-

وَمَا خَلَقْنَا السَّمٰوٰتِ وَالْاَرْضَ وَمَا بَيْنَهُمَا لٰعِبِيْنَ(الدخان:٣٩)

**ਵਮਾ ਖ਼ਲਕਨਸੱਮਾਵਾਤੇ ਵਲ ਅਰਜ਼ਾ ਵਮਾ ਬੈਨਾਹੁਮਾ ਲਾਏ ਬੀਨ**

*(ਅਦੱਖਾਨ-੩੯)*

ਅਰਥਾਤ:-ਅਸ਼ੀ ਇਹ ਧਰਤੀ ਤੇ ਅਕਾਸ਼ ਐਂਵੇਂ ਹੀ ਪੈਦਾ ਨਹੀਂ ਕੀਤੇ ਸਗੋਂ ਉਹਨਾ ਦੀ ਰਚਨਾ ਵਿੱਚ ਉਦੇਸ਼ ਰਖਿਆ ਹੈ। ਅਤੇ ਉਹ ਉਦੇਸ਼ ਇਹੀ ਹੈ ਕਿ ਮਨੁਖ ਖ਼ੁਦਾ ਤਾਅਲਾ ਦੀ ਸਿਫ਼ਤਾਂ ਨੂੰ ਪ੍ਰਗਟ ਕਰੇ ਅਤੇ ਉਸ ਦਾ ਸਵਰੂਪ ਬਣਕੇ ਦੁਨੀਆਂ ਦੇ ਉਨ੍ਹਾਂ ਲੋਕਾਂ ਨੂੰ ਜੋ ਉੱਪਰ ਉੱਡਣ ਦੀ ਸ਼ਕਤੀ ਨਹੀਂ ਰਖਦੇ ਖ਼ੁਦਾ ਤਾਅਲਾ ਨਾਲ ਜਾਣ-ਪਛਾਣ ਕਰਾਏ। ਸ੍ਰਿਸ਼ਟੀ ਰਚਨਾ ਤੋ ਲੈਕੇ ਹੁਣ ਤੱਕ ਖ਼ੁਦਾ ਤਾਅਲਾ ਦੀ ਇਹੋ ਮਰਯਾਦਾ ਹੈ ਅਤੇ ਭਿੰਨ-ਭਿੰਨ ਸੰਮਿਆਂ ਵਿੱਚ ਉਸਨੇ ਆਪਣੇ ਅਵਤਾਰ ਇਸ ਦੁਨੀਆ ਵਿੱਚ ਪ੍ਰਗਟ ਕੀਤੇ। ਕਦੇ ਅਲੱਾਹ ਤਾਅਲਾ ਦੀਆਂ ਸਿਫ਼ਤਾਂ 'ਆਦਮ ਅਲੈਹਿਸੱਸਲਾਮ' ਰਾਹੀਂ ਪ੍ਰਗਟ ਹੋਈਆ, ਕਦੇ "ਨੂਹ ਅਲੈਹਿਸੱਸਲਾਮ" ਦੇ ਰਾਹੀ ਪ੍ਰਗਟ ਹੋਈਆਂ। ਕਦੇ 'ਇਬਰਾਹੀਮੀ' ਸ਼ਰੀਰ ਵਿੱਚੋਂ ਪ੍ਰਗਟ ਹੋਈਆਂ ਤੇ ਕਦੇ 'ਮੂਸਵੀ' ਸ਼ਰੀਰ' ਚੋਂ

ਪ੍ਰਗਟ ਹੋਈਆ। ਕਦੇ "ਦਾਊਦ ਅਲੈਹਿਸੱਸਲਾਮ" ਨੇ ਖ਼ੁਦਾ ਤਾਅਲਾ ਦਾ ਚਿਹਰਾ ਦੁਨੀਆਂ ਨੂੰ ਦਿਖਾਆ ਤਾਂ ਕਦੇ 'ਮਸੀਹ ਅਲੈਹਿਸੱਸਲਾਮ' ਨੇ ਉਸਦੇ ਨੂਰ ਨੂੰ ਆਪਣੇ ਵਜੂਦ' ਚੋਂ ਪ੍ਰਗਟ ਕੀਤਾ। ਸਭ ਤੋਂ ਅਖ਼ੀਰ ਵਿੱਚ ਸਭ ਤੋਂ ਸੰਪੂਰਨ ਤੌਰ ਤੇ ਮੁਹੰਮਦ ਰਸੂਲੁਲੱਾਹ ਸੱਲਲੱਾਹੋ ਅਲੈਹਿ ਵਸਲੱਅਮ ਨੇ ਅੱਲਾਹ ਤਾਅਲਾ ਦੀਆਂ ਸਾਰੀਆਂ ਸਿਫ਼ਤਾਂ ਗੁਣਾ ਨੂੰ ਸੰਖੇਪ ਤੇ ਵਿਸਤਾਰ ਵਿੱਚ, ਵਿਅਕਤੀਗਤ ਰੂਪ ਵਿੱਚ ਵੀ ਸੰਗਠਿਤ ਰੂਪ ਵਿੱਚ ਵੀ ਅਜੇਹੀ ਸ਼ਾਨ ਤੇ ਪ੍ਰਤਾਪ ਦੇ ਨਾਲ ਦੁਨੀਆ ਉੱਪਰ ਪ੍ਰਗਟ ਕੀਤਾ ਕਿ ਸਾਰੇ ਪੂਰਵ ਅਵਤਾਰ ਆਪਦੇ ਭਾਨੁ ਪ੍ਰਤਾਪ ਅੱਗੇ ਤਾਰਿਆਂ ਵਾਂਗ ਫ਼ਿਕੇ ਪੈ ਗਏ। ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸਲੱਅਮ ਦੇ ਬਾਦ ਸਾਰੀਆਂ ਸ਼ਰੀਅਤਾਂ ਖ਼ਤਮ ਹੋ ਗਈਆਂ ਅਤੇ ਸਾਰੇ ਸ਼ਰੀਅਤ ਲਿਆਉਣ ਵਾਲੇ ਨਬੀਆਂ ਦੇ ਪ੍ਰਗਟ ਹੋਣ ਦਾ ਮਾਰਗ ਬੰਦ ਕਰ ਦਿੱਤਾ ਗਿਆ। ਕਿਸੇ ਦੀ ਤਰਫ਼ਦਾਰੀ ਦੇ ਕਾਰਨ ਨਹੀਂ, ਕਿਸੇ ਪੱਖ-ਪਾਤ ਦੇ ਕਾਰਣ ਨਹੀਂ ਸਗੋਂ ਇਸ ਲਈ ਕਿ ਰਸੂਲੇ ਕਰੀਮ ਅਜੇਹੀ ਸ਼ਰੀਅਤ ਲਿਆਏ ਜੋ ਹਰ ਪੱਖੋਂ ਸਰਵ ਸੰਪੂਰਨ ਤੇ ਸਾਰੀਆਂ ਜ਼ਰੂਰਤਾ ਨੂੰ ਪੂਰਾ ਕਰਨ ਵਾਲੀ ਹੈ। ਜੋ ਚੀਜ਼ ਖ਼ੁਦਾ ਤਾਅਲਾ ਵੱਲੋਂ ਆਉਣ ਵਾਲੀ ਸੀ ਉਹ ਤਾਂ ਪੂਰੀ ਹੋ ਗਈ ਪਰ ਬੰਦਿਆਂ ਬਾਰੇ ਕੋਈ ਜ਼ਮਾਨਤ ਨਹੀਂ ਸੀ ਕਿ ਉਹ ਸੁਮਾਰਗ ਨੂੰ ਨਹੀਂ ਛੱਡਣਗੇਂ ਅਤੇ ਇਸ ਸੱਚੀ ਸਿਖਿਆ ਨੂੰ ਨਹੀਂ ਭੁੱਲਣਗੇ। ਸਗੋਂ ਕੁਰਆਨ ਕਰੀਮ ਵਿੱਚ ਅਲੱਾਹ ਤਾਅਲਾ ਨੇ ਸਪਸ਼ਟ ਤੌਰ ਤੇ ਫ਼ਰਮਾਇਆ ਹੈ :-

يُدَبِّرُ الْاَمْرَ مِنَ السَّمَآءِ اِلَى الْاَرْضِ ثُمَّ يَعْرُجُ اِلَيْهِ فِىْ يَوْمٍ كَانَ مِقْدَارُهٗ اَلْفَ سَنَةٍ مِّمَّا تَعُدُّوْنَ (السجدة:٦)

**ਯੁਦੱਬੇਰੁਲ ਅਮਰਾ ਮਿਨਸ ਸਮਾਏ ਇਲਲ ਅਰਜ਼ੇ ਸੁੱਮਾ ਯਾਰੋਜੋ ਇਲੈਹੇ ਫ਼ੀ ਯੋਮਿੰਨ ਕਾਨਾ ਮਿਕਦਾਰੋਹੂ ਅਲਫ਼ਾ ਸਾਨਾਤਿੰਮ ਮਿੱਮਾ ਤਾਉੱਦੂਨਾ।** *(ਅਸ-ਸਜਦਾ-੬)*

ਅਰਥਾਤ:-ਅਲੱਾਹ ਤਾਅਲਾ ਆਪਣੇ ਇਸ ਆਖਰੀ ਸ਼ਰੀਅਤ ਨੂੰ

ਆਕਾਸ਼ ਤੋਂ ਪਰਤੀ ਉੱਪਰ ਕਾਇਮ ਕਰ ਦੇਵੇਗਾ ਅਤੇ ਲੋਕਾਂ ਦੀ ਵਿਰੋਧਤਾ ਉਸਦੇ ਮਾਰਗ ਵਿੱਚ ਰੋਕ ਨਹੀਂ ਬਣੇਗੀ। ਪਰ ਕੁਝ ਸਮਾਂ ਪਾਕੇ ਇਹ ਕਲਾਮ ਅਕਾਸ਼ ਤੇ ਚੜ੍ਹਨਾ ਸ਼ੁਰੂ ਹੋਵੇਗਾ ਅਤੇ ਇਕ ਹਜ਼ਾਰ ਸਾਲ ਵਿੱਚ ਇਹ ਸੰਸਾਰ'ਚੋਂ ਉਠ ਜਾਵੇਗਾ। ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਨੇ ਸਤ ਧਰਮ ਦੀ ਸਥਾਪਨਾ ਦੇ ਸਮੇਂ ਨੂੰ ਤਿੰਨ ਸੌ ਸਾਲ ਕਰਾਰ ਦਿੱਤਾ ਹੈ, ਜਿਵੇਂ ਕਿ ਉੱਪਰ ਹਦੀਸ ਵਰਨਣ ਕੀਤੀ ਗਈ ਹੈ ਅਤੇ ਕੁਰਆਨ ਕਰੀਮ ਵੀ 'ਅਲਿਫ਼ ਲਾਮ ਮੀਮ ਰਾ' ਦੁਆਰਾ ੨੭੧ ਵਰ੍ਹਿਆਂ ਦਾ ਸਮਾਂ ਦਸਦਾ ਹੈ ਇਸ ਦੇ ਨਾਲ ਇਕ ਹਜ਼ਾਰ ਸਾਲ ਧਰਮ ਦੇ ਅਕਾਸ਼ ਉਪਰ ਉੱਠਣ ਦੇ ਸਮੇਂ ਨੂੰ ਮਿਲਾਇਆ ਜਾਏ ਤਾ ਇਹ ੧੨੭੧ ਸਾਲ ਬਣਦੇ ਹਨ। ਭਾਵ ਇਹ ਹੈ ਕਿ ਸੰਸਾਰ ਵਿੱਚੋ ਇਸਲਾਮ ਦੀ ਆਤਮਾ ਦੇ ਗ਼ਾਇਬ ਹੋਣ ਦਾ ਸਮਾਂ ਕੁਰਆਨ ਕਰੀਮ ਅਨੁਸਾਰ ੧੨੭੧ ਸਾਲ ਹੈ। ਜਾਂ ੧੩ਵੀਂ ਸਦੀ ਹਿਜਰੀ ਦਾ ਅੰਤ। ਜਿਵੇਂ ਕਿ ਕੁਰਆਨ ਕਰੀਮ ਤੋ ਮਾਲੂਮ ਹੁੰਦਾ ਹੈ। ਅਜੇਹੇ ਯੁਗ ਵਿੱਚ ਅਲੱਾਹ ਵੱਲੋਂ ਜ਼ਰੂਰ ਇਕ ਸੁਧਾਰਕ ਤੇ ਪੱਥ-ਪ੍ਰਦਰਸ਼ਕ ਆਇਆ ਕਰਦਾ ਹੈ ਤਾਂ ਜੋਂ ਸੰਸਾਰ ਹਮੇਸ਼ਾ ਲਈ ਸ਼ੈਤਾਨ ਦੇ ਕਬਜ਼ੇ ਵਿੱਚ ਨ ਚਲਿਆ ਜਾਵੇ ਅਤੇ ਅਲੱਾਹ ਤਾਅਲਾ ਦਾ ਨਾਂ ਸਦਾ ਲਈ ਸੰਸਾਰ'ਚੋਂ ਮਿਟ ਜਾਵੇ। ਇਸ ਲਈ ਜ਼ਰੂਰੀ ਸੀ ਕਿ ਇਸ ਯੁਗ ਵਿੱਚ ਉਸ ਵੱਲੋਂ ਕੋਈ ਸੁਧਾਰਕ ਆਉਂਦਾ। ਉਹ ਕੋਈ ਵੀ ਹੁੰਦਾ ਪਰ ਆਉਣਾ ਜਰੂਰੀ ਸੀ। ਇਹ ਕਿਵੇ ਹੋ ਸਕਦਾ ਸੀ ਕਿ ਆਦਮ ਅਲੈਹਿਸੱਸਲਾਮ ਦੇ ਪੈਰੋਕਾਰਾਂ ਵਿੱਚ ਜਦ ਖ਼ਰਾਬੀ ਪੈਦਾ ਹੋਈ ਤਾਂ ਅਲੱਾਹ ਨੇ ਉਨ੍ਹਾਂ ਦੀ ਖ਼ਬਰ ਲਈ, ਹਜ਼ਰਤ ਨੂਹ ਅਲੈਹਿਸੱਸਲਾਮ ਦੇ ਪੈਰੋਕਾਰਾਂ ਵਿੱਚ ਜਦ ਕਦੇ ਖ਼ਰਾਬੀ ਪੈਦਾ ਹੋਈ ਤਾਂ ਉਸਨੇ ਉਨ੍ਹਾਂ ਦੀ ਖ਼ਬਰ ਲਈ, ਹਜ਼ਰਤ ਇਬਰਾਹੀਮ ਅਲੈਹਿਸੱਸਲਾਮ ਦੇ ਪੈਰੋਕਾਰਾਂ ਵਿੱਚ ਜਦ ਖ਼ਰਾਬੀ ਪੈਦਾ ਹੋਈ ਤਾਂ ਉਸਨੇ ਉਨ੍ਹਾਂ ਦੀ ਖ਼ਬਰ ਲਈ। ਹਜ਼ਰਤ ਮੂਸਾ ਅਲੈਹਿਸੱਸਲਾਮ ਦੇ ਪੈਰੋਕਾਰਾਂ ਵਿੱਚ ਜਦ ਖਰਾਬੀ ਪੈਦਾ ਹੋਈ ਤਾਂ ਅਲੱਾਹ ਤਾਅਲ਼ਾ ਨੇ ਉਨ੍ਹਾਂ ਦੀ ਖ਼ਬਰ ਲਈ; ਹਜ਼ਰਤ ਈਸਾ ਅਲੈਹਿਸੱਸਲਾਮ, ਦੇ ਪੈਰੋਕਾਰਾਂ ਵਿੱਚ ਜਦ ਖ਼ਰਾਬੀ ਪੈਦਾ ਹੋਈ ਤਾਂ ਖ਼ੁਦਾ ਤਾਅਲਾ ਨੇ ਉਨ੍ਹਾਂ ਦੀ ਖ਼ਬਰ ਲਈ, ਪਰ ਇਹ ਕਿਵੇਂ ਹੋ ਸਕਦਾ ਹੈ

ਕਿ ਅਵਤਾਰਾਂ ਦੇ ਸਰਦਾਰ ਹਜ਼ਰਤ ਮੁਹੰਮਦ ਮੁਸਤਫ਼ਾ ਸੱਲਲੱਾਹਾਂ ਅਲੈਹਿ ਵਸੱਲਅਮ ਦੀ ਉਮਤ(ਪੈਰੋਕਾਰਾਂ) ਵਿੱਚ ਖ਼ਰਾਬੀ ਪੈਦਾ ਹੋਵੇ ਤੇ ਖ਼ੁਦਾ ਤਾਅਲਾ ਉਮਦੀ ਖ਼ਬਰ ਨ ਲਵੇ ? ਰਸੂਲੇ ਕਰੀਮ ਸਲੱਲਾਹੋ ਅਲੈਹਿ ਵਸੱਲਅਮ ਦੀ ਉਮਤ ਦੇ ਸੰਬੰਧ ਵਿੱਚ ਤਾ ਇਹ ਭਵਿਖ ਬਾਣੀ ਸੀ ਕਿ ਛੋਟੇ-ਮੋਟੇ ਵਿਕਾਰਾਂ ਨੂੰ ਦੂਰ ਕਰਨ ਲਈ ਆਪਦੀ ਉਮਤ ਵਿੱਚ ਹਰ ਸਦੀ ਦੇ ਅਰੰਭ ਵਿੱਚ ਇਕ ਮੁਜੱਦਿੱਦ(ਸੁਧਾਰਕ) ਆਇਆ ਕਰੇਗਾ। ਕੀ ਕੋਈ ਇਸ ਨੂੰ ਮੰਨ ਸਕਦਾ ਹੈ ਕਿ ਛੋਟੇ-ਛੋਟੇ ਵਿਕਾਰਾਂ ਨੂੰ ਦੂਰ ਕਰਨ ਲਈ ਤਾਂ ਅਲੱਾਹ ਵੱਲੋਂ ਸੁਧਾਰਕ ਆਉਂਦੇ ਰਹਿਣ। ਜਿਵੇਂ ਕਿ ਰਸੂਲੇ ਕਰੀਮ ਸੱਲਲੱਾਹੋ ਅਲੈਹਿਸੱਸਲੱਮ ਫ਼ਰਮਾਉਂਦੇ ਹਨ:-

اِنَّ اللّٰہَ یَبْعَثُ لِھٰذِہِ الْاُمَّۃِ عَلٰی رَأْسِ کُلِّ مِائَۃِ سَنَۃٍ مَّنْ یُّجَدِّدُ لَھَادِیْنَھَا

(ابوداؤد جلد ۲ صفحہ ۲۴۱ کتاب الفتن واصول الکافی صفحہ ۶۹۴)

**ਇਨ ਨਲੱਾਹਾ ਯਬਆਸੋ ਲੇਹਾਜ਼ਿਰਿਲ ਉੱਮਾਤੇ ਅਲਾ ਰਾਅਸੇ ਕੁੱਲੇ ਮੇਆਤੇ ਸਾਨਾਤਿੰਮ-ਮਨੰਯੁੱਜੱਦੇ ਦੋ ਲਹਾ ਦੀਨਾਹਾ।**

*(ਅਬੂ ਦਾਊਦ ਜਿਲਦ-੨ ,ਪੰਨਾ-੨੪੧,ਕਿਤਾਬੁਲਫ਼ਿਤਨ ਵ ਅਸੂਲੁਲ ਕਾਫ਼ੀ ਪੰਨਾ-੬੯੪)*

ਪਰ ਇਸ ਮਹਾਂ ਭਿਆਨਕ ਕਲੇਸ਼ ਦੇ ਅਵਸਰ ਉੱਪਰ ਜਿਸ ਦੇ ਸੰਬੰਧ ਵਿੱਚ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਫ਼ਰਮਾਉਂਦੇ ਹਨ ਕਿ ਜਦ ਤੋ ਸੰਸਾਰ ਵਿੱਚ ਨਬੀ ਆਉਣ ਲੱਗੇ ਹਨ ਉਹ ਇਸ ਮਹਾਂ ਕਲੇਸ਼ ਬਾਰੇ ਖ਼ਬਰ ਦਿੰਦੇ ਰਹੇ ਹਨ। ਕੋਈ ਹਾਦੀ ਨ ਆਏ, ਕੋਈ ਸੁਧਾਰਕ ਨ ਆਏ, ਕੋਈ ਪਥਪ੍ਰਦਸ਼ਕ ਨ ਆਏ, ਮੁਸਲਮਾਨਾ ਨੂੰ ਸੱਚੇ ਧਰਮ' ਤੇ ਇਕੱਠਿਆਂ ਕਰਨ ਲਈ ਅਲੱਾਹ ਵੱਲੋ ਕੋਈ ਆਵਾਜ਼ ਨ ਉਠੇ। ਮੁਸਲਮਾਨਾ ਨੂੰ ਅੰਧਕਾਰ ਦੇ ਜ਼ੁਲਮ' ਚੋਂ ਕੱਢਣ ਲਈ ਕੋਈ ਦੈਵੀ ਸਾਧਨ ਪ੍ਰਗਟ ਨ ਹੋਵੇ। ਉਹ ਖ਼ੁਦਾ ਜੋ ਸ੍ਰਿਸ਼ਟੀ ਰਚਨਾ ਦੇ ਅਰੰਭ ਤੋਂ ਆਪਣੀ ਰਹਿਮ ਕਰਮ ਦੇ ਨਮੂਨੇ ਦਿਖਾਉਂਦਾ ਰਿਹਾ ਹੈ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਦੇ ਪ੍ਰਗਟ ਹੋਣ ਦੇ ਬਾਦ ਉਸਦੇ ਰਹਿਮ ਵ ਕਰਮ ਦੇ ਦਰਿਆ ਵਿੱਚ ਵਧੇਰ ਜੋਸ਼ ਪੈਦਾ ਹੋ ਗਿਆ

ਨਾ ਕਿ ਉਸਦੇ ਰਹਿਮ ਤੇ ਕਰਮ ਮਿਟ ਗਏ ਹਨ। ਜੇਕਰ ਅਲੱਾਹ ਕਦੇ ਰਹੀਮ ਸੀ ਤਾਂ ਮੁਹੰਮਦ ਮੁਸਤਫ਼ਾ ਦੀ ਉੱਮਤ ਲਈ ਉਸ ਨੂੰ ਪਹਿਲਾ ਤੋਂ ਵਧੇਰੇ ਰਹੀਮ ਹੋਣਾ ਚਾਹੀਦਾ ਹੈ। ਜੇਕਰ ਅਲੱਾਹ ਕਦੇ ਕਰੀਮ ਸੀ ਤਾਂ ਉਸਨੂੰ ਮੁਹੰਮਦ (ਮੁਸਤਫ਼ਾ ਸੱਲਲੱਾਹੋ ਅਲੈਹਿ ਵਸੱਲਅਮ) ਦੀ ਉੱਮਤ ਲਈ ਪਹਿਲਾਂ ਤੋ ਜਿਆਦਾ ਕਰੀਮ ਹੋਣਾ ਚਾਹੀਦਾ ਹੈ ਅਤੇ ਨਿਸ਼ਚਿਤ ਹੀ ਉਹ ਅਜੇਹਾ ਹੀ ਹੈ। ਕੁਰਆਨ ਕਰੀਮ ਤੇ ਹਦੀਸਾਂ ਉਸ ਉੱਪਰ ਸਾਖੀ ਹਨ ਕਿ ਜਦ ਕਦੇ ਮੁਹੰਮਦ (ਮੁਸਤਫ਼ਾ ਸੱਲਲੱਾਹੋ ਅਲੈਹਿ ਵਸੱਲਅਮ) ਦੀ ਉਮੱਤ ਵਿੱਚ ਖ਼ਰਾਬੀ ਪੈਦਾ ਹੋਏਗੀ ਅਲੱਾਹ ਤਾਅਲਾ ਆਪਣੇ ਵੱਲੋਂ ਸੁਧਾਰਕ ਤੇ ਪਥ ਪ੍ਰਦਰਸ਼ਕ ਭੇਜਦਾ ਰਹੇਗਾ। ਵਿਸ਼ੇਸ਼ਕਰ ਇਸ ਅੰਤਿਮ ਯੁਗ ਵਿੱਚ ਜਦ ਕਿ ਦੱਜਾਲ ਦਾ ਕਲੇਸ਼ ਪ੍ਰਗਟ ਹੋਵੇਗਾ, ਈਸਾਈ ਮਤ ਸਰਵਸ਼ਕਤੀ ਸ਼ਾਲੀ ਹੋ ਜਾਏਗਾ। ਇਸਲਾਮ ਉਪਰੀ ਤੌਰ ਤੇ ਅਧੀਨ ਹੋ ਜਾਏਗਾ ਅਤੇ ਮੁਸਲਮਾਨ ਦੀਨ ਨੂੰ ਛੱਡ ਬੈਠਣਗੇ ਅਤੇ ਦੂਸਰਿਆ ਕੌਮਾਂ ਦੇ ਰੀਤਿ ਰਿਵਾਜ ਅਪਨਾ ਲੈਣਗੇ ਤਾਂ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਦਾ ਇਕ ਪੂਰਨ ਮਜ਼ਹਰ ਪ੍ਰਗਟ ਹੋਵੇਗਾ ਅਤੇ ਇਸ ਯੁਗ ਦਾ ਸੁਧਾਰ ਕਰੇਗਾ ਜਿਸਦੇ ਸੰਬੰਧ ਵਿੱਚ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਫ਼ਰਮਾਉਂਦੇ ਹਨ ਕਿ:-

لَایَنْقٰی مِنَ الْاسْلَامِ اِلَّا اسْمُهٗ وَلَا یَبْقٰی مِنْ الْقُرْاٰنِ اِلَّا رَسْمُهٗ

(مشکوۃ کتاب العلم الثالث صفحہ:۳۸ ۱کنزالعمال جلد ۶ صفحہ ۴۳)

**ਲਾ ਯਬਕਾ ਮਿਨਲ ਇਧਲਾਮੇ ਇੱਲਾ ਇਸਮੋਹੂ ਵਲਾ ਯਬਕਾ ਮਿਨਲ ਕੁਰਆਨੇ ਇੱਲਾ ਰਸਮੋਹੂ।**

*ਮਿਸ਼ਕਤ-ਕਿਤਾਬੁਲ-ਇਲਮ ਅਲਫਸਲੇ ਸਾਲਸ ਪੰਨਾ-੩੮ ਕਨਜ਼ੁਲ ਆਮਾਲ ਜਿਲਦ-੬ ਪੰਨਾ-੪੩)*

ਅਰਥਾਤ:-ਇਸਲਾਮ ਦਾ ਕੇਵਲ ਨਾਂ ਬਾਕੀ ਰਹਿ ਜਾਏਗਾ ਅਤੇ ਕੁਰਆਨ ਦੀ ਕੇਵਲ ਲਿਖਿਤ ਰਹਿ ਜਾਏਗੀ। ਹਕੀਕੀ ਇਸਲਾਮ ਕਿਤੇ ਨਜ਼ਰ ਨਹੀ ਆਏਗਾ ਅਤੇ ਕੁਰਆਨ ਦੇ ਅਰਥ ਕਿਸੇ ਉੱਪਰ ਸਪਸ਼ਟ ਨ ਹੋਣਗੇ।

ਸੋ ਹੇ ਪਿਆਰੇ ਸਜਣੋ! ਜਮਾਤ ਅਹਿਮਦੀਆ ਦੀ ਸਥਾਪਨਾ ਉਸੇ ਪੁਰਾਣੀ ਰੀਤਿ ਅਨੁਸਾਰ ਹੋਈ ਹੈ ਅਤੇ ਉਨ੍ਹਾਂ ਹੀ ਭਵਿੱਖ ਬਾਣੀਆਂ ਅਨੁਸਾਰ

ਹੋਈ ਹੈ ਜੋ ਹਜ਼ਰਤ ਮੁਹੰਮਦ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਅਤੇ ਆਪ ਤੋ ਪਹਿਲੇ ਨਬੀਆਂ ਨੇ ਇਸ ਯੁਗ ਲਈ ਵਰਨਣ ਕੀਤੀਆਂ ਹਨ। ਜੇਕਰ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਅਲੈਹਿੱਸਲਾਮ ਜੀ ਦੀ ਚੋਣ ਇਸ ਕੰਮ ਲਈ ਉਚਿਤ ਨਹੀਂ ਸੀ ਤਾਂ ਇਹ ਅਲੱਾਹ ਉਪਰ ਆਰੋਪ ਹੈ। ਮਿਰਜ਼ਾ ਸਾਹਿਬ ਜੀ ਦਾ ਇਸ ਵਿੱਚ ਕੀ ਦੋਸ਼ ਹੈ ਪਰ ਜੇਕਰ ਅਲੱਾਹ ਤਾਅਲਾ ਅੰਤਰਯਾਮੀ ਹੈ ਅਤੇ ਕੋਈ ਭੇਦ ਉਸਤੋ ਲੁਕਿਆ ਹੋਇਆ ਨਹੀਂ ਅਤੇ ਉਸਦੇ ਸਾਰੇ ਕੰਮ ਨੀਤੀ ਭਰਪੂਰ ਹੁੰਦੇ ਹਨ ਤਾਂ ਫਿਰ ਸਮਝ ਲੈਣਾ ਚਾਹੀਦਾ ਹੈ ਕਿ ਮਿਰਜ਼ਾ ਗ਼ੁਲਾਮ ਅਹਿਮਦ ਅਲੈਹਿੱਸਲਾਮ ਦੀ ਚੋਣ ਹੀ ਉਚਿਤ ਚੋਣ ਸੀ ਅਤੇ ਉਨ੍ਹਾਂ ਨੂੰ ਮੰਨਣ ਵਿੱਚ ਮੁਸਲਮਾਨਾ ਅਤੇ ਬਾਕੀ ਦੁਨੀਆ ਦੀ ਭਲਾਈ ਹੈ। ਆਪ ਕੋਈ ਨਵਾਂ ਸੰਦੇਸ਼ ਦੁਨੀਆਂ ਲਈ ਨਹੀਂ ਲਿਆਏ ਪਰ ਉਹੋ ਸੁਨੇਹਾ ਜੋ ਮੁਹੰਮਦ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਨੇ ਦੁਨੀਆ ਨੂੰ ਦਿੱਤਾ ਸੀ ਪਰ ਦੁਨੀਆ ਉਸਨੂੰ ਭੁੱਲ ਗਈ, ਉਹੋ ਸੁਨੇਹਾ ਜੋ ਕੁਰਆਨ ਕਰੀਮ ਨੇ ਦਿੱਤਾ ਸੀ ਪਰ ਦੁਨੀਆਂ ਨੇ ਉਸ ਵੱਲੋਂ ਮੂੰਹ ਮੋੜ ਲਿਆ ਅਤੇ ਉਹ ਇਹੋ ਸੁਨੇਹਾ ਹੈ ਕਿ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਕੇਵਲ ਇਕ ਖ਼ੁਦਾ ਹੈ। ਉਸਨੇ ਮਨੁੱਖ ਨੂੰ ਆਪਣੇ ਪਿਆਰ ਅਤੇ ਸੰਬੰਧ ਲਈ ਪੈਦਾ ਕੀਤਾ ਹੈ। ਆਪਣੇ ਗੁਣਾਂ ਨੂੰ ਉਸ ਦੁਆਰਾ ਪ੍ਰਗਟ ਕਰਨ ਲਈ ਉਸਨੂੰ ਬਣਾਇਆ ਹੈ। ਜਿਵੇਂ ਕਿ ਉਹ ਫ਼ਰਮਾਉਂਦਾ ਹੈ:-

وَاِذْقَالَ رَبُّكَ لِلْمَلٰٓئِكَةِ اِنِّىْ جَاعِلٌ فِى الْاَرْضِ خَلِيْفَةً (البقرہ ۳۱)

**ਵ ਇਜ਼ ਕਾਲਾ ਰੱਬੋਕਾ ਲਿੱਲ ਮਲਾਇਕਾਤੇ ਇੰਨੀ ਜਾਇਲੁੰਨ ਫ਼ਿਲ ਅਰਜ਼ੇ ਖਲੀਫ਼ਾਹ।** *(ਸੂਰਤ ਅਲ-ਬਕਰਾਹ-੩੧)*

ਅਰਥਾਤ:- ਜਦ ਤੇਰੇ ਰੱਬ ਨੇ ਫ਼ਰਿਸ਼ਤਿਆਂ ਤੋਂ ਕਿਹਾ ਕਿ ਮੈ ਧਰਤੀ ਉੱਪਰ ਇਕ ਖਲੀਫ਼ਾ ਬਨਾਉਣ ਵਾਲਾ ਹਾਂ।

ਇਸ ਲਈ ਆਦਮ ਅਤੇ ਉਸਦੀ ਨਸਲ ਰੱਬ ਦੀ ਖਲੀਫ਼ਾ ਅਰਥਾਤ ਉਸਦੀ ਨੁਮਾਇੰਦਾ ਹੈ। ਉਹ ਖ਼ੁਦਾ ਤਾਅਲਾ ਦੇ ਗੁਣਾਂ ਨੂੰ ਦੁਨੀਆ ਉੱਪਰ

ਪ੍ਰਗਟ ਕਰਨ ਲਈ ਪੈਦਾ ਕੀਤੀ ਗਈ ਹੈ। ਇਸ ਲਈ ਸਾਰੀ ਮਨੁੱਖ ਜਾਤਿ ਦਾ ਇਹ ਫ਼ਰਜ਼ ਹੈ ਕਿ ਉਹ ਆਪਣੇ ਜੀਵਨ ਨੂੰ ਖ਼ੁਦਾ ਤਾਅਲਾ ਦੇ ਗੁਣਾ ਅਨੁਸਾਰ ਬਣਾਏ ਅਤੇ ਜਿਸ ਪ੍ਰਕਾਰ ਇਕ ਨੁਮਾਇੰਦਾ ਆਪਣੇ ਸਾਰੇ ਕੰਮਾ ਵਿੱਚ ਆਪਣੇ ਮੁਵੱਕਿਲ ਵੱਲ ਵਾਰ-ਵਾਰ ਧਿਆਨ ਕਰਦਾ ਹੈ ਅਤੇ ਇਕ ਗੁਲਾਮ ਹਰ ਨਵਾਂ ਕਦਮ ਚੁੱਕਣ ਤੋਂ ਪਹਿਲਾਂ ਆਪਣੇ ਸਵਾਮੀ ਵਲ ਦੇਖਦਾ ਹੈ ਇਸੇ ਪ੍ਰਕਾਰ ਮਨੁੱਖ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਖ਼ੁਦਾ ਤਾਅਲਾ ਨਾਲ ਅਜੇਹਾ ਸੰਬੰਧ ਪੈਦਾ ਕਰੇ ਕਿ ਖ਼ੁਦਾ ਤਾਅਲਾ ਉਸਦੀ ਹਰ ਸ਼ਮੇਂ ਅਤੇ ਹਰ ਇਕ ਕੰਮ ਵਿੱਚ ਉਸਦਾ ਪੱਥ-ਪ੍ਰਦਰਸ਼ਨ ਕਰੇ ਅਤੇ ਸਾਰੀਆਂ ਚੀਜ਼ਾਂ ਤੋ ਵੱਧਕੇ ਉਹ ਉਸਦਾ ਮਹਬੂਬ ਹੋਵੇ ਅਤੇ ਸਾਰੀਆਂ ਗੱਲਾਂ ਵਿੱਚ ਉਸ ਉੱਪਰ ਭਰੋਸਾ ਕਰਨ ਵਾਲਾ ਹੋਵੇ ਅਤੇ ਉਸੇ ਫ਼ਰਜ਼ ਨੂੰ ਪੂਰਾ ਕਰਾਉਣ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੁਨੀਆਂ ਵਿੱਚ ਆਏ।★ ਉਨ੍ਹਾਂ ਦਾ ਇਹ ਕੰਮ ਸੀ ਕਿ ਉਹ ਦੁਨੀਆ ਦਾਰ ਲੋਕਾਂ ਨੂੰ ਦੀਨਦਾਰ ਬਨਾਉਣ ਅਤੇ ਇਸਲਾਮ ਦੀ ਹਕੂਮਤ ਦਿਲਾਂ ਉੱਪਰ ਕਾਇਮ ਕਰਨ ਅਤੇ ਮੁਹੰਮਦ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਨੂੰ ਫ਼ਿਰ ਆਪਣੇ ਰੁਹਾਨੀ ਤਖ਼ਤ ਉੱਪਰ ਬਿਠਾਉਣ ਜਿਸ ਤਖ਼ਤ ਉੱਪਰੋਂ ਉਤਾਰਣ ਲੈਂਈ ਸ਼ੈਤਾਨੀ ਸ਼ਕਤੀਆਂ ਅੰਦਰੋ ਤੇ ਬਾਹਰੋਂ ਹਮਲੇ ਕਰ ਰਹੀਆਂ ਹਨ।

ਇਸ ਮੰਤਵ ਨੂੰ ਪੂਰਾ ਕਰਨ ਲਈ ਹਜ਼ਰਤ ਮਸੀਹ ਮੌਊਦ ਅਲੈਹਿੱਸ ਸਲਾਮ ਨੇ ਸਭ ਤੋਂ ਪਹਿਲਾਂ ਕਾਰਜ ਇਹ ਕੀਤਾ ਕਿ ਮੁਸਲਮਾਨਾ ਨੂੰ ਛਿਲਕੇ ਦੀ ਬਜਾਏ ਮਗ਼ਜ਼ ਵੱਲ ਧਿਆਨ ਦਵਾਇਆ ਅਤੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਧਾਰਮਕ ਆਦੇਸ਼ਾਂ ਦਾ ਪ੍ਰਗਟ ਵੀ ਬਹੁਤ ਜ਼ਰੂਰੀ ਤੇ ਮਹੱਤਵ ਪੂਰਨ ਹੈ ਪਰ ਬਿਨਾਂ ਆਂਤਰਿਕ ਗਿਆਨ ਤੋਂ ਬਿਨ੍ਹਾਂ ਮਨੁੱਖ ਕੋਈ ਤਰੱਕੀ ਨਹੀ ਕਰ ਸਕਦਾ। ਇਸ ਲਈ ਆਪਜੀ ਨੇ ਇਕ ਜਮਾਤ ਕਾਇਮ ਕੀਤੀ ਅਤੇ ਬੈਅਤ ਦੀ ਪ੍ਰਤਿਗਯਾ ਵਿੱਚ ਇਹ ਸ਼ਰਤ ਰੱਖੀ ਕਿ ਮੈ ਦੀਨ(ਧਰਮ) ਨੂੰ ਦੁਨੀਆ ਉੱਪਰ

*★ ਹਦੀਸਾਂ ਵਿੱਚ ਆਖ਼ਰੀ ਜ਼ਮਾਨੇ ਵਿੱਚ ਆਉਣ ਵਾਲੇ ਇਮਾਮ ਮਹਿਦੀ ਦਾ ਨਾਂ ਮਸੀਹ ਮੌਊਦ ਵੀ ਦਸਿਆ ਗਿਆ ਹੈ । (ਨਾਕਲ)*

ਪਹਿਲ ਦਿਆਂਗਾ। ਅਸਲ ਵਿੱਚ ਇਹੋ ਰੋਗ ਸੀ ਜੋ ਮੁਸਲਮਾਨਾ ਨੂੰ ਘੁਣ ਵਾਂਗ ਖਾਈ ਜਾ ਰਿਹਾ ਸੀ। ਬੇਸ਼ਕ ਇਸਦੇ ਕਿ ਦੁਨੀਆ ਉਨ੍ਹਾਂ ਦੇ ਹੱਥਾਂ' ਚੋਂ ਛੁਟ ਚੁਕੀ ਸੀ ਫ਼ਿਰ ਵੀ ਉਸੇ ਵਲ ਉਨ੍ਹਾਂ ਦਾ ਧਿਆਨ ਸੀ। ਇਸਲਾਮ ਦੀ ਉਨੰਤੀ ਦੇ ਅਰਥ ਉਨ੍ਹਾਂ ਲਈ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਰਹਿ ਗਿਆ ਸੀ। ਅਤੇ ਇਸਲਾਮ ਦੀ ਸਫ਼ਲਤਾ ਦਾ ਅਰਥ ਉਨ੍ਹਾਂ ਅਨੁਸਾਰ ਮੁਸਲਮਾਨ ਕਹਿਲਾਉਣ ਦੀ ਵਿਦਿਅਕ ਤੇ ਵਪਾਰਿਕ ਉਨੱਤੀ ਸੀ। ਜਦ ਕਿ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਦੁਨੀਆ ਵਿੱਚ ਇਸ ਲਈ ਨਹੀ ਆਏ ਸਨ ਕਿ ਲੋਕ ਮੁਸਲਮਾਨ ਕਹਿਲਾਉਣ ਲਗਜਾਣ ਸਗੋਂ ਆਪ ਲੋਕਾਂ ਨੂੰ ਹਕੀਕੀ(ਵਾਸੰਤਵਿਕ) ਮੁਸਲਮਾਨ ਬਨਾਉਣ ਲਈ ਆਏ ਸਨ। ਜਿਸ ਦੀ ਪਰਿਭਾਸ਼ਾ ਕੁਰਆਨ ਕਰੀਮ ਨੇ ਇਹ ਕੀਤੀ ਹੈ:-

مَنْ اَسْلَمَ وَجْهَهٗ لِلّٰهِ (البقرہ١١٣)

**ਮਨ ਅਸਲਾਮਾ ਵਜਹਾਹੂ ਲਿੱਲਾਹ** *(ਅਲ-ਬਕਰਾਹ-੧੧੩)*

ਅਰਥਾਤ:- ਉਹ ਆਪਣੇ ਸਾਰੇ ਵਜੂਦ ਨੂੰ ਖ਼ੁਦਾ ਤਾਅਲਾ ਲਈ ਅਰਪਣ ਕਰ ਦੇਵੇ ਅਤੇ ਆਪਣੀਆ ਸੰਸਾਰਕ ਜਰੂਰਤਾਂ ਨੂੰ ਧਾਰਮਕ ਜਰੂਰਤਾਂ ਅਧੀਨ ਕਰ ਦੇਵੇ। ਦੇਖਣ ਵਿੱਚ ਇਹ ਸਧਾਰਣ ਜਿਹੀ ਗਲ ਲਗਦੀ ਹੈ ਪਰ ਵਾਸਤਵ ਵਿੱਚ ਇਸਲਾਮ ਅਤੇ ਦੂਸਰੇ ਧਰਮਾਂ ਵਿੱਚ ਇਹੋ ਫ਼ਰਕ ਹੈ। ਇਸਲਾਮ ਇਹ ਨਹੀ ਕਹਿੰਦਾ ਕਿ ਤੁਸੀ ਵਿਦਿਆ ਪ੍ਰਾਪਤ ਨਾ ਕਰੋ, ਨ ਇਹ ਕਹਿੰਦਾ ਹੈ ਕਿ ਤੁਸੀ ਵਪਾਰ ਨਾ ਕਰੋ ਨਾ ਇਹ ਕਹਿੰਦਾ ਹੈ ਕਿ ਦਸਤਕਾਰੀ ਨਾ ਕਰੋ, ਨਾ ਇਹ ਕਹਿੰਦਾ ਹੈ ਕਿ ਤੁਸੀ ਆਪਣੀ ਹਕੂਮਤ ਦੀ ਮਜ਼ਬੂਤੀ ਲਈ ਜਤਨ ਨ ਕਰੋ। ਉਹ ਕੇਵਲ ਮਨੁਖ ਦੇ ਦ੍ਰਿਸ਼ਟੀਕੋਣ ਨੂੰ ਬਦਲਦਾ ਹੈ। ਦੁਨੀਆ ਵਿੱਚ ਸਾਰਿਆਂ ਕੰਮਾ ਦੇ ਕੇਵਲ ਦੋ ਦ੍ਰਿਸ਼ਟੀਕੋਣ ਹੁੰਦੇ ਹਨ ਇਕ ਛਿਲਕੇ ਤੋਂ ਮਗ਼ਜ਼ ਪ੍ਰਾਪਤ ਕਰਨ ਦਾ ਅਤੇ ਇਕ ਮਗ਼ਜ਼ ਤੋਂ ਛਿਲਕਾ ਪ੍ਰਾਪਤ ਕਰਨ ਦਾ ਦ੍ਰਿਸ਼ਟੀਕੋਣ ਹੁੰਦਾ ਹੈ। ਜੋ ਮਨੁੱਖ ਛਿਲਕੇ ਤੋ ਮਗ਼ਜ਼ ਪ੍ਰਾਪਤ ਕਰਨ ਦੀ ਆਸ ਰਖਦਾ ਹੈ ਜ਼ਰੂਰੀ ਨਹੀਂ ਕਿ ਉਹ ਆਪਣੇ ਉਦੇਸ਼ ਵਿਚ ਸਫ਼ਲ ਹੋ ਜਾਏ ਸਗੋਂ

ਬਹੁਤਾ ਉਹ ਅਸਫ਼ਲ ਹੀ ਰਹਿੰਦਾ ਹੈ, ਪਰ ਜੋ ਮਨੁੱਖ ਮਗ਼ਜ ਪ੍ਰਾਪਤ ਕਰਦਾ ਹੈ ਉਸਨੂੰ ਛਿਲਕਾ ਵੀ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ। ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਅਤੇ ਆਪਦੇ ਪੈਰੋਕਾਰਾਂ ਦੇ ਸਾਰੇ ਜਤਨ ਧਰਮ ਲਈ ਸਨ ਪਰ ਇਹ ਨਹੀਂ ਕਿ ਉਹ ਸੰਸਾਰਕ ਨੇਅਮਤਾਂ ਤੋ ਮਹਿਰੂਮ ਰਹਿ ਗਏ ਹੋਣ। ਇਹ ਤਾਂ ਸੁਭਾਵਕ ਗੱਲ ਹੈ ਜਿਨ੍ਹਾਂ ਲੋਕਾਂ ਨੂੰ ਦੀਨ ਮਿਲੇਗਾ ਦੁਨੀਆਂ ਦਾਸੀ ਵਾਂਗ ਉਨ੍ਹਾਂ ਦੇ ਪਿੱਛੇ ਦੌੜਦੀ ਆਏਗੀ ਪਰ ਦੁਨੀਆ ਨਾਲ ਦੀਨ ਦਾ ਮਿਲਣਾ ਜ਼ਰੂਰੀ ਨਹੀਂ, ਕਈ ਵਾਰ ਮਿਲਦਾ ਹੀ ਨਹੀ, ਕਈ ਵਾਰ ਰਿਹਾ-ਸਿਹਾ ਦੀਨ ਵੀ ਹੱਥੋਂ ਜਾਂਦਾ ਰਹਿੰਦਾ ਹੈ। ਇਸ ਲਈ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਨਬੀਆਂ ਦੇ ਮਾਰਗ ਅਨੁਸਾਰ ਖ਼ੁਦਾ ਤਾਅਲਾ ਦੇ ਹੁਕਮ ਤੋਂ ਦੀਨ ਉੱਪਰ ਜ਼ੋਰ ਦੇਣਾ ਆਰੰਭ ਕੀਤਾ। ਜਿਸ ਸਮੇਂ ਆਪ ਪ੍ਰਗਟ ਹੋਏ ਮੁਸਲਮਾਨਾ ਵਿੱਚ ਦੋ ਪ੍ਰਕਾਰ ਦੀ ਤਹਰੀਕਾਂ(ਅੰਦੋਲਨ) ਜਾਰੀ ਸਨ। ਇਕ ਤਹਰੀਕ ਇਹ ਸੀ ਕਿ ਮੁਸਲਮਾਨ ਕਮਜ਼ੋਰ ਹੋ ਚੁਕੇ ਹਨ ਇਸ ਲਈ ਉਨ੍ਹਾਂ ਨੂੰ ਸੰਸਾਰਕ ਸ਼ਕਤੀ ਪ੍ਰਾਪਤ ਕਰਨ ਦੇ ਜਤਨ ਕਰਨੇ ਚਾਹੀਦੇ ਹਨ। ਦੂਸਰੀ ਤਹਰੀਕ ਆਪਨੇ ਚਲਾਈ ਕਿ ਸਾਨੂੰ ਦੀਨ ਵਲ ਧਿਆਨ ਦੇਣਾ ਚਾਹੀਦਾ ਹੈ। ਇਸ ਦਾ ਲਾਜ਼ਮੀ ਸਿੱਟਾ ਇਹ ਹੋਵੇਗਾ ਕਿ ਦੁਨੀਆਂ ਅਲੱਾਹ ਤਾਅਲਾ ਸਾਨੂੰ ਆਪਣੇ ਆਪ ਦੇ ਦੇਵੇਗਾ।

ਕੁਝ ਲੋਕਾਂ ਨੇ ਗ਼ਲਤੀ ਨਾਲ ਇਹ ਸਮਝਿਆ ਕਿ ਆਪ ਦੀ ਤਹਰੀਕ ਵੀ ਉਸੇ ਪ੍ਰਕਾਰ ਦੀ ਹੈ ਜਿਵੇ ਅਜਕਲ ਸੂਫ਼ੀਆਂ ਆਦਿ ਦੀ ਤਹਰੀਕ ਹੁੰਦੀ ਹੈ ਕਿ ਉਹ ਪ੍ਰਗਟ ਤੌਰ ਤੇ ਨਮਾਜ਼-ਰੋਜ਼ੇ ਉੱਪਰ ਜ਼ੋਰ ਦਿੰਦੇ ਹਨ ਅਤੇ ਚੰਗੇ-ਭਲੇ ਮਨੁੱਖਾਂ ਨੂੰ ਏਕਾਂਤ ਵਿੱਚ ਬਿਠਾਕੇ ਪਰਦਾ-ਨਸ਼ੀਨ ਔਰਤਾਂ ਵਾਂਗ ਬਣਾ ਦਿੰਦੇ ਹਨ। ਜੇਕਰ ਆਪ ਅਜੇਹਾ ਕਰਦੇ ਤਾਂ ਨਿਸ਼ਚਿਤ ਹੀ ਆਪ ਵੀ ਮਗ਼ਜ਼ ਦੇ ਨਾਂ ਤੋਂ ਛਿਲਕੇ ਦੀ ਪ੍ਰਾਪਤੀ ਦੀ ਤਹਰੀਕ ਕਰਦੇ ਪਰ ਆਪਨੇ ਅਜੇਹਾ ਨਹੀਂ ਕੀਤਾ। ਆਪ ਨੇ ਜਿੱਥੇ ਧਾਰਮਕ ਆਦੇਸ਼ਾਂ ਉੱਪਰ ਜ਼ੋਰ ਦਿੱਤਾ ਉੱਥੇ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਧਰਮ ਅਲੱਾਹ ਤਾਅਲਾ ਵੱਲੋਂ ਇਸ ਲਈ ਆਇਆ ਕਰਦਾ ਹੈ ਕਿ ਉਹ ਮਨੁੱਖ ਨੂੰ ਨਵੀਨ ਚੇਤਨਾ ਪ੍ਰਦਾਨ ਕਰੇ ਅਤੇ ਉਸ ਦੀ ਬੁੱਧੀ ਨੂੰ

ਪ੍ਰਕਾਸ਼ਮਈ ਕਰੇ ਅਤੇ ਉਸਦੀ ਸੂਝ-ਬੂਝ ਨੂੰ ਤੀਬਰ ਕਰੇ। ਆਪਨੇ ਕਿਹਾ ਜੋ ਵਿਅਕਤੀ ਸੱਚੇ ਤੌਰ ਤੇ ਦੀਨ ਉਪਰ ਅਮਲ ਕਰਦਾ ਹੈ ਅਤੇ ਦਿਖਾਵੇ ਤੋਂ ਕੰਮ ਨਹੀਂ ਲੈਂਦਾ ਹੈ ਧਰਮ ਉਸ ਵਿੱਚ ਉੱਚਾ-ਆਚਰਣ ਪੈਦਾ ਕਰਦਾ ਹੈ, ਧਰਮ ਉਸ ਵਿੱਚ ਕੰਮ ਕਰਨ ਦੀ ਸ਼ਕਤੀ ਪੈਦਾ ਕਰਦਾ ਹੈ, ਧਰਮ ਉਸ ਵਿੱਚ ਤਿਆਗ ਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਦਾ ਹੈ। ਆਪਨੇ ਫ਼ਰਮਾਇਆ ਕਿ ਤੁਸੀਂ ਧਰਮ ਨੂੰ ਅਪਣਾਓ, ਤੁਸੀਂ ਨਮਾਜ਼ਾਂ ਪੜ੍ਹੋ, ਤੁਸੀਂ ਰੋਜ਼ੇ ਰੱਖੋ, ਹੱਜ ਕਰੋ, ਜ਼ਕਾਤ ਦਿਓ, ਪਰ ਉਹ ਨਮਾਜ਼ਾਂ ਪੜ੍ਹੋ ਜੋ ਕੁਰਆਨ ਨੇ ਦੱਸੀਆ ਹਨ ਅਤੇ ਉਹ ਰੋਜ਼ੇ ਰੱਖੋ ਜੋ ਕੁਰਆਨ ਨੇ ਦੱਸੇ ਹਨ ਅਤੇ ਉਹ ਹੱਜ ਕਰੋ ਜੋ ਕੁਰਆਨ ਦੇ ਦੱਸਿਆ ਹੈ, ਅਤੇ ਉਹ ਜ਼ਕਾਤ ਦਿਓ ਜੋ ਕੁਰਆਨ ਨੇ ਦੱਸੀ ਹੈ। ਕੁਰਆਨ ਕਰੀਮ ਤੁਹਾਡੇ ਤੋਂ ਉਠਕ-ਬੈਠਕ ਦੀ ਮੰਗ ਨਹੀਂ ਕਰਦਾ ਨਾ ਹੀ ਉਹ ਤੁਹਾਡੇ ਤੋਂ ਭੁੱਖੇ ਰਹਿਣ ਦਾ ਅਨੁਰੋਧ ਕਰਦਾ ਹੈ, ਨਾ ਆਪਣਾ ਦੇਸ਼ ਬਿਨਾਂ ਕਾਰਣ ਛੱਡਣ ਦਾ ਮੁਤਾਲਬਾ ਕਰਦਾ ਹੈ, ਨਾ ਆਪਣਾ ਮਾਲ-ਧਨ-ਪਦਾਰਥ ਗਵਾਉਣ ਦੀ ਮੰਗ ਕਰਦਾ ਹੈ। ਕੁਰਆਨ ਕਰੀਮ ਤਾਂ ਨਮਾਜ਼ ਦੇ ਸੰਬੰਧ ਵਿੱਚ ਇਹ ਫ਼ਰਮਾਉਂਦਾ ਹੈ:-

إِنَّ الصَّلٰوةَ تَنْهٰى عَنِ الْفَحْشَآءِ وَالْمُنْكَرِ (العنكبوت:٤٦)

**ਇੱਨਸ ਸਲਾਤਾ ਤਨਹਾ ਅਨਿਲ ਫ਼ਾਹਸ਼ਾਇ ਵਲ ਮੁਨਕਰਿ**

*(ਅਲ-ਅਨਕਬੂਤ-੪੬)*

ਅਰਥਾਤ:- ਨਮਾਜ਼ ਤੁਹਾਡੇ' ਚੋ ਕੁਕਰਮ ਤੇ ਬੁਰਾਈ ਦੂਰ ਕਰਵਾ ਦਿੰਦੀ ਹੈ। ਇਸ ਲਈ ਜੇਕਰ ਤੁਹਾਡੀ ਨਮਾਜ਼ ਦਾ ਉਹ ਸਿੱਟਾ ਨਹੀਂ ਨਿਕਲਦਾ ਜੋ ਕੁਰਆਨ ਕਰੀਮ ਨੇ ਦੱਸਿਆ ਹੈ ਤਾਂ ਤੁਹਾਡੀ ਨਮਾਜ਼, ਨਮਾਜ਼ ਨਹੀ ਹੈ। ਇਸੇ ਪ੍ਰਕਾਰ ਰੋਜ਼ਿਆਂ ਸੰਬੰਧੀ ਕੁਰਆਨ ਕਰੀਮ ਫਰਮਾਉਂਦਾ ਹੈ ਕਿ:-

لَعَلَّكُمْ تَتَّقُوْنَ (البقرہ:١٨٤)

**ਲਾ ਅਲੱਕੁਮ ਤੱਤਾਕੂਨ** *(ਅਲ-ਬਕਰਾਹ-੧੮੪)*

ਅਰਥਾਤ:- ਰੋਜ਼ੇ ਇਸ ਲਈ ਨਿਰਧਾਰਤ ਕੀਤੇ ਹਨ ਤਾਂ ਜੋ ਤੁਹਾਡੇ ਵਿੱਚ ਸੰਜਮਤਾ ਅਤੇ ਉੱਚਾ ਆਚਰਣ ਪੈਦਾ ਹੋਵੇ। ਇਸ ਲਈ ਜੇਕਰ ਤੁਸੀ ਰੋਜ਼ੇ ਰਖਦੇ ਹੋ ਅਤੇ ਇਹ ਸਿੱਟਾ ਪੈਦਾ ਨਹੀਂ ਹੁੰਦਾ ਤਾਂ ਇਸ ਤੋਂ ਪ੍ਰਗਟ ਹੁੰਦਾ ਹੈ ਕਿ ਤੁਹਾਡੀ ਨੀਯਤ ਠੀਕ ਨਹੀਂ ਅਤੇ ਤੁਸੀ ਰੋਜ਼ਾ ਨਹੀਂ ਰਖਦੇ ਸਗੋਂ ਆਪਣੇ ਆਪਨੂੰ ਭੁੱਖਾ ਰਖਦੇ ਹੋ ਅਤੇ ਅਲੱਾਹ ਨੂੰ ਤੁਹਾਡਾ ਭੁੱਖਾ ਰਹਿਣਾ ਲੋੜੀਂਦਾ ਨਹੀਂ ਅਤੇ ਹੱਜ ਲਈ ਫ਼ਰਮਾਇਆ ਕਿ ਇਹ ਬਗ਼ਾਵਤ ਦੇ ਖਿਆਲਾ ਨੂੰ ਰੋਕਣ ਅਤੇ ਆਪਸੀ ਝਗੜਿਆ ਨੂੰ ਦੂਰ ਕਰਨ ਦਾ ਸਾਧਨ ਹੈ, ਇਸ ਲਈ ਹੱਜ ਆਪਸੀ ਵੈਰ-ਵਿਰੋਧ, ਜੰਗਾ ਤੇ ਜੁੱਧਾਂ ਨੂੰ ਰੋਕਣ ਲਈ ਹੈ ਅਤੇ ਜ਼ਕਾਤ ਲਈ ਫਰਮਾਉਂਦਾ ਹੈ ਕਿ:-

خُذْ مِنْ اَمْوَالِهِمْ صَدَقَةً تُطَهِّرُهُمْ وَتُزَكِّيْهِمْ بِهَا (التوبہ ١٠٣)

**ਖ਼ੁਜ਼ ਮਿਨ ਅਮਵਾਲੇਹਿਮ ਸਾਦਾਕਾਤਨ ਤੁਤਹਹਿਰੋ ਹੁਮ ਵ ਤੁਜ਼ੱਕੀ ਹਿਮ ਬਿਹਾ** *(ਅੱਤ-ਤੌਬਾ-੧੦੩)*

ਅਰਥਾਤ:- 'ਜ਼ਕਾਤ' ਨਾਗਰਿਕ ਤੇ ਸਮਾਜ ਦੀ ਸ਼ੁੱਧੀ ਅਤੇ ਮਨ ਦੇ ਵਿਚਾਰਾਂ ਦੀ ਪਵਿੱਤਰਤਾ ਲਈ ਨੀਯਤ ਕੀਤੀ ਗਈ ਹੈ। ਸੋ ਜਦ ਤੱਕ ਇਹ ਸਿੱਟੇ ਪੈਦਾ ਨਾ ਹੋਣ ਤੁਹਾਡਾ 'ਹੱਜ' ਅਤੇ ਤੁਹਾਡੀ 'ਜ਼ਕਾਤ' ਕੇਵਲ ਦਿਖਾਵੇ ਹਨ। ਇਸ ਲਈ ਤੁਸੀ ਨਮਾਜ਼ ਪੜ੍ਹੋ, ਰੋਜ਼ੇ ਰੱਖੋ, ਹੱਜ ਕਰੋ, ਜ਼ਕਾਤ ਦਿਓ ਪਰ ਤੁਹਾਡੀ ਨਮਾਜ਼ ਅਤੇ ਰੋਜ਼ੇ ਅਤੇ ਹੱਜ ਨੂੰ ਮੈਂ ਤਾਂ ਸਵੀਕਾਰ ਕਰਾਂਗਾ ਜਦ ਉਨ੍ਹਾਂ ਦਾ ਸਿੱਟਾ ਨਿਕਲੇ ਅਤੇ ਤੁਸੀਂ ਕੁਕਰਮ ਤੇ ਬੁਰਾਈਆਂ ਤੋਂ ਬਚੋ ਅਤੇ ਤੁਹਾਡੇ ਅੰਦਰ ਸੰਜਮਤਾ ਪੈਦਾ ਹੋਵੇ ਅਤੇ ਆਪਸੀ ਵੈਰ ਵਿਰੋਧ ਤੇ ਜੰਗਾ-ਜੁੱਧਾਂ ਤੋਂ ਉੱਕਾ ਹੀ ਦੂਰ ਹੋ ਜਾਓ ਅਤੇ ਨਾਗਰਿਕ ਤੇ ਸਮਾਜਿਕ ਸ਼ੁੱਧਤਾ ਅਤੇ ਮਨ ਦੇ ਵਿਚਾਰਾਂ ਦੀ ਪਵਿੱਤਰਤਾ ਤੁਹਾਨੂੰ ਪ੍ਰਾਪਤ ਹੋਵੇ ਪਰ ਜਿਸ ਵਿੱਚ ਇਹ ਸਿੱਟਾ ਪੈਦਾ ਨਹੀਂ ਹੋਵੇਗਾ ਮੈਂ ਉਸਨੂੰ ਆਪਣੀ ਜਮਾਤ ਵਿੱਚੋਂ ਨਹੀਂ ਸਮਝਾਂਗਾਂ ਕਿਉਂਕਿ ਉਸ ਨੇ ਛਿਲਕੇ ਨੂੰ ਅਪਣਾਇਆ ਮਗ਼ਜ਼ ਨਹੀਂ ਪਕੜਿਆ ਜੋ ਅਲੱਾਹ ਦਾ ਮੰਤਵ ਸੀ।

ਇਸੇ ਪ੍ਰਕਾਰ ਬਾਕੀ ਇਬਾਦਤਾਂ ਦੇ ਸੰਬੰਧ ਵਿੱਚ ਵੀ ਆਪਨੇ ਸੱਚਾਈ ਉੱਪਰ ਬਲ ਦਿੱਤਾ ਅਤੇ ਫ਼ਰਮਾਇਆ ਕਿ ਇਸਲਾਮ ਦਾ ਕੋਈ ਹੁਕਮ ਅਜੇਹਾ ਨਹੀਂ ਜੋ ਯੁਕਤਿ ਤੋਂ ਬਿਨਾਂ ਹੋਵੇ। ਖ਼ੁਦਾ ਤਾਅਲਾ ਅੱਖਾਂ ਨੂੰ ਨਜ਼ਰ ਨਹੀਂ ਆਉਂਦਾ, ਖੁਦਾ ਤਾਅਲਾ ਮਨ ਨੂੰ ਦਿਖਾਈ ਦਿੰਦਾ ਹੈ। ਖ਼ੁਦਾ ਤਾਅਲਾ ਨੂੰ ਹੱਥਾ ਨਾਲ ਨਹੀਂ ਛੂਹਿਆ ਜਾ ਸਕਦਾ, ਖੁਦਾ ਤਾਅਲਾ ਨੂੰ ਪਿਆਰ ਨਾਲ ਛੂਹਿਆ ਜਾਂਦਾ ਹੈ। ਇਸ ਲਈ ਧਰਮ ਦਾ ਉਦੇਸ਼ ਇਹ ਨਹੀਂ ਕਿ ਕੇਵਲ ਅੱਖਾਂ ਤੇ ਹੱਥਾਂ ਉੱਪਰ ਰਾਜ ਕਰੇ ਸਗੋਂ ਜਦ ਵੀ ਉਹ ਅੱਖਾਂ ਤੇ ਹੱਥਾਂ ਉੱਪਰ ਰਾਜ ਕਰਦਾ ਹੈ ਤਾਂ ਉਹ ਮਨ ਅਤੇ ਭਾਵਨਾਵਾਂ ਨੂੰ ਪਾਕ ਕਰਨ ਲਈ ਰਾਜ ਕਰਦਾ ਹੈ ਤਾਂ ਜੋ ਉਹ ਸ਼ਕਤੀਆ ਮਨੁੱਖ ਵਿੱਚ ਪੈਦਾ ਹੋਣ ਜਿਸ ਤੋ ਉਹ ਖ਼ੁਦਾ ਤਾਅਲਾ ਨੂੰ ਦੇਖ ਸਕੇ ਅਤੇ ਜਿਨ੍ਹਾਂ ਤੋ ਉਹ ਖ਼ੁਦਾ ਤਾਅਲਾ ਨੂੰ ਸਪਰਸ਼ ਕਰ ਸਕੇ ਅਤੇ ਉਹ ਸ਼ਕਤੀਆਂ ਜਾਗਰਤ ਹੋਣ ਜਿਨ੍ਹਾਂ ਤੋ ਉਹ ਖ਼ਦਾ ਤਾਅਲਾ ਦੀ ਆਵਾਜ਼ ਨੂੰ ਸੁਣ ਸਕੇ ਭਾਵ ਇਹ ਕਿ ਇਨ੍ਹਾਂ ਗੱਲਾਂ ਉੱਪਰ ਬਲ ਦੇਕੇ ਆਪਨੇ ਇਸਲਾਮ ਦੀ ਤਰੱਕੀ ਲਈ ਇਕ ਨਵਾਂ ਮਾਰਗ ਖੋਲ ਦਿੱਤ ਹੈ ਇਸ ਦਾ ਨਤੀਜਾ ਇਹ ਹੋਇਆ ਕਿ ਚਾਹੇ ਇਕ ਛੋਟੀ ਜਿਹੀ ਜਮਾਤ ਕਾਇਮ ਹੋਈ ਪਰ ਇਕ ਅਜੇਹੀ ਜਮਾਤ ਪੈਦਾ ਹੋ ਗਈ ਜਿਸਨੇ ਦੀਨ ਨੂੰ ਦੁਨੀਆ ਉੱਪਰ ਵਿਸ਼ੇਸ਼ਤਾ ਦਿੱਤੀ ਅਤੇ ਇਸਲਾਮ ਦੀ ਰੂਹਾਨੀ ਤਰੱਕੀ ਅਤੇ ਹਜ਼ਰਤ ਮੁਹੰਮਦ ਰਸੂਲੇ ਕਰੀਮ ਸੱਲਲੱਾਹੋ ਅਲੈਹਿ ਵਸੱਲਅਮ ਦੇ ਰੂਹਾਨੀ ਸਾਮਰਾਜ ਦੇ ਸਥਾਪਨਾ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨੀ ਅਰੰਭ ਕਰ ਦਿੱਤੀ। ਤੁਸੀਂ ਵਿਚਾਰ ਤਾਂ ਕਰੋ ਕਿ ਕਿੱਥੇ ਅਹਿਮਦੀਆਂ ਦੀ ਇਕ ਛੋਟੀ ਜਿਹੀ ਜਮਾਤ ਅਤੇ ਕਿੱਥੇ ਆਮ ਮੁਸਲਮਾਨਾ ਦੀ ਮਹਾਨ ਧੜੇ-ਬੰਦੀ। ਪਰ ਇਸਲਾਮ ਦੇ ਪ੍ਰਚਾਰ ਅਤੇ ਉਸਦੀ ਉਨੱਤੀ ਲਈ ਜੋ ਕੁਝ ਜਮਾਤ ਕਰ ਰਹੀ ਹੈ ਕਿ ਬਾਕੀ ਮੁਸਲਮਾਨ ਜ਼ੋ ਇਨ੍ਹਾਂ ਤੋ ਹਜ਼ਾਰਾਂ ਗੁਣਾ ਬਹੁਤੇ ਹਨ ਇਨ੍ਹਾਂ ਤੋ ਅੱਧ ਜਾਂ ਚੋਥਾ ਭਾਗ ਵੀ ਕਰ ਰਹੇ ਹਨ? ਆਖਰ ਇਹ ਤਬਦੀਲੀ ਕਿਉ ਹੋਈ? ਇਸੇ ਲਈ ਕਿ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਅਹਿਮਦੀਆਂ ਉੱਪਰ ਬਲ ਦਿੱਤਾ ਕਿ ਉਹ ਦੀਨ ਨੂੰ ਦੁਨੀਆ ਉੱਪਰ ਵਿਸ਼ੇਸ਼ਤਾ ਦੇਣ। ਇਹ ਹਕੀਕ਼ਤ ਅਹਿਮਦੀਆ ਉੱਪਰ ਖੁਲ

ਗਈ ਤਾਂ ਉਨ੍ਹਾਂ ਦੇ ਕਰਮ ਇਕ ਨਵੀਂ ਪ੍ਰਕਾਰ ਦੇ ਕਰਮ ਹੋ ਗਏ। ਇਕ ਸੱਚੇ ਅਹਿਮਦੀ ਦੀ ਨਮਾਜ਼ ਉਹ ਨਮਾਜ਼ ਨਹੀਂ ਜਿਵੇਂ ਇਕ ਆਮ ਮੁਸਲਮਾਨ ਨਮਾਜ਼ ਪੜ੍ਹਦਾ ਹੈ। ਰੂਪ ਉਹੀ ਹੈ ਸ਼ਬਦ ਉਹੀ ਹਨ ਪਰ ਮੂਲ ਹੋਰ ਹੈ। ਅਹਿਮਦੀ ਨਮਾਜ਼ ਨੂੰ ਨਮਾਜ਼ ਖ਼ਾਤਰ ਪੜ੍ਹਦਾ ਹੈ ਅਤੇ ਅਲੱਾਹ ਨਾਲ ਸੰਬੰਧ ਵਧਾਉਣ ਲਈ ਪੜ੍ਹਦਾ ਹੈ। ਸ਼ਾਇਦ ਕੋਈ ਕਹੇ ਕਿ ਕੀ ਬਾਕੀ ਲੋਕ ਅਲੱਾਹ ਨਾਲ ਅਪਣਾ ਸੰਬੰਧ ਵਧਾਉਣ ਲਈ ਨਮਾਜ਼ ਨਹੀਂ ਪੜ੍ਹਦੇ? ਮੇਰਾ ਉੱਤਰ ਇਹ ਹੈ ਕਿ ਕਦੇ ਨਹੀਂ। ਜੇਕਰ ਆਪ ਗ਼ੌਰ ਕਰੋ ਤਾਂ ਪਤਾ ਲੱਗੇਗਾ ਕਿ ਇਸ ਸਮੇਂ ਮੁਸਲਮਾਨਾ ਵਿੱਚ ਬਦਕਿਸਮਤੀ ਨਾਲ ਇਹ ਵਿਚਾਰ ਪੈਦਾ ਹੋ ਚੁਕਾ ਹੈ ਕਿ ਅਲੱਾਹ ਤਾਅਲਾ ਨਾਲ ਸਿੱਧਾ ਸੰਬੰਧ ਪੈਦਾ ਹੋ ਹੀ ਨਹੀ ਸਕਦਾ। ਮੁਸਲਮਾਨਾ ਨੂੰ ਆਮ ਤੌਰ ਤੇ ਇਹ ਗਲਤੀ ਲਗ ਰਹੀ ਹੈ ਕਿ ਨਾ ਖ਼ੁਦਾ ਤਾਅਲਾ ਅੱਜ ਬੰਦਿਆ ਨਾਲ ਬੋਲਦਾ ਹੈ ਅਤੇ ਨਾ ਬੰਦੇ ਖੁਦਾ ਤਾਅਲਾ ਤੇ ਕੋਈ ਗਲ ਮਨਵਾ ਸਕਦੇ ਹਨ। ਇਕ ਸਦੀ ਤੋਂ ਬਹੁਤਾ ਸਮਾਂ ਹੋਇਆ ਕਿ ਮੁਸਲਮਾਨ ਇਲਹਾਮੇ ਇਲਾਹੀ ਤੋਂ ਇਨਕਾਰੀ ਹੋ ਚੁਕੇ ਹਨ। ਭਾਵੇ ਇਸ ਤੋਂ ਪਹਿਲਾ ਮੁਸਲਮਾਨਾ ਵਿੱਚ ਉਹ ਲੋਕ ਮੌਜੂਦ ਸਨ ਜੋ ਕਲਾਮੇ ਇਲਾਹੀ ਦੇ ਨਾਜ਼ਿਲ ਹੁੰਦੇ ਰਹਿਣ ਦੇ ਮਨਣ ਵਾਲੇ ਸਨ। ਮਨਣ ਵਾਲੇ ਹੀ ਨਹੀਂ ਸਨ ਸਗੋਂ ਇਸ ਗਲ ਦੇ ਵੀ ਦਾਵੇਦਾਰ ਸਨ ਕਿ ਅਲੱਾਹ ਤਾਅਲਾ ਉਨ੍ਹਾਂ ਨਾਲ ਕਲਾਮ ਕਰਦਾ ਹੈ, ਪਰ ਇਕ ਸਦੀ ਤੋਂ ਮੁਸਲਮਾਨਾ ਉੱਪਰ ਇਹ ਬਿਪਤਾ ਪਈ ਹੋਈ ਹੈ ਕਿ ਉਹ ਉੱਕਾ ਹੀ ਕਲਾਮ-ਇਲਾਹੀ ਦੇ ਜਾਰੀ ਰਹਿਣ ਤੋ ਇਨਕਾਰੀ ਹੋ ਗਏ ਹਨ ਸਗੋ ਕੁਝ ਮੌਲਵੀਆਂ ਨੇ ਤਾਂ ਇਸ ਸੱਚਾਈ ਦੇ ਪ੍ਰਗਟਾਵੇ ਨੂੰ ਕੁਫ਼ਰ ਕਹਿ ਦਿੱਤਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਆਕੇ ਦੁਨੀਆ ਦੇ ਸੰਮੁਖ ਇਹ ਦਾਵਾ ਰਖਿਆ ਕਿ ਅਲੱਾਹ ਤਾਅਲਾ ਮੇਰੇ ਨਾਲ ਕਲਾਮ ਕਰਦਾ ਹੈ ਅਤੇ ਮੇਰੇ ਨਾਲ ਹੀ ਨਹੀ ਸਗੋਂ ਜੋ ਮਨੁਖ ਮੇਰੀ ਪੈਰਵੀ ਕਰੇਗਾ ਅਤੇ ਮੇਰੀਆਂ ਪੈੜਾਂ ਉੱਪਰ ਚੱਲੇਗਾ ਅਤੇ ਮੇਰੀਆ ਸਿਖਿਆਵਾਂ ਨੂੰ ਮੰਨੇਗਾ ਅਤੇ ਮੇਰੀਆਂ ਹਦਾਇਤਾਂ ਨੂੰ ਪਰਵਾਨ ਕਰੇਗਾ, ਅਲੱਾਹ ਤਾਅਲਾ ਉਸ ਨਾਲ ਵੀ ਗੱਲਾਂ ਕਰੇਗਾ। ਉਨ੍ਹਾਂ ਨੇ ਲਗਾਤਾਰ ਇਲਾਹੀ

ਕਲਾਮ ਨੂੰ ਦੁਨੀਆ ਸਾਹਮਣੇ ਰਖਿਆ ਅਤੇ ਅਪਣੇ ਮੰਨਣ ਵਾਲਿਆਂ ਵਿੱਚ ਪ੍ਰੇਰਣਾ ਕੀਤੀ ਕਿ ਤੁਸੀਂ ਵੀ ਅਲੱਾਹ ਤਾਅਲਾ ਦੇ ਇਨ੍ਹਾਂ ਪੁਰਸਕਾਰਾਂ ਨੂੰ ਪ੍ਰਾਪਤ ਕਰਨ ਦਾ ਜਤਨ ਕਰੋ। ਆਪ ਨੇ ਫ਼ਰਮਾਇਆ ਕਿ ਮੁਸਲਮਾਨ ਪੰਜ ਸਮੇ ਅਲੱਾਹ ਤਾਅਲਾ ਤੋ ਇਹ ਦੁਆ ਮੰਗਦਾ ਹੈ ਕਿ :-

اِهْدِنَا الصِّرَاطَ الْمُسْتَقِيْمَ صِرَاطَ الَّذِيْنَ اَنْعَمْتَ عَلَيْهِمْ (سورۃ الفاتحہ:٦-٧)

**ਇਹਦਿਨਸ-ਸਿਰਾਤਲ ਮੁਸਤਾਕੀਮਾ ਸਿਰਾਤਲ-ਲਜ਼ੀਨਾ ਅਨ ਅਮਤਾ ਅਲੈਹਿਮ** (ਸੂਰਤ,ਫ਼ਾਤਿਹਾ,੬-੭)

ਅਰਥਾਤ:- ਹੇ ਅਲੱਾਹ! ਤੂੰ ਸਾਨੂੰ ਸਿੱਧੇ ਮਾਰਗ ਵੱਲ ਲਾਈ ਰੱਖ ਉਨ੍ਹਾਂ ਲੋਕਾ ਦਾ ਮਾਰਗ ਜਿਨ੍ਹਾਂ ਨੂੰ ਤੂੰ ਪੁਰਸਕਾਰ ਪਰਦਾਨ ਕੀਤੇ ਅਰਥਾਤ ਭੂਤ-ਪੂਰਵ ਨਬੀ। ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਉਸ ਦੀ ਇਹ ਦੁਆ ਹਮੇਸ਼ਾ ਲਈ ਨਿਹਫ਼ਲ ਰਹਿੰਦੀ ਅਤੇ ਅਲਾਹ ਤਾਅਲਾ ਮੁਸਲਮਾਨਾਂ ਵਿੱਚੋਂ ਕਿਸੇ ਲਈ ਵੀ ਇਹ ਮਾਰਗ ਨਾ ਖੋਲਦਾ ਜੋ ਪਹਿਲੇ ਨਬੀਆਂ ਲਈ ਖੋਲਿਆਂ ਗਿਆਂ ਸੀ ਅਤੇ ਕਿਸੇ ਵਿਅਕਤੀ ਨਾਲ ਵੀ ਉਸ ਪ੍ਰਕਾਰ ਕਲਾਮ ਨ ਕਰਦਾ ਜਿਵੇਂ ਪਹਿਲੇ ਨਬੀਆਂ ਨਾਲ ਕਲਾਮ ਕਰਦਾ ਸੀ। ਇਸ ਪ੍ਰਕਾਰ ਆਪਨੇ ਇਸ ਜਮੂਦ(ਨਿਹਕਰਮੀ)ਨੂੰ ਉੱਕਾ ਹੀ ਦੂਰ ਕਰ ਦਿੱਤਾ ਜੋ ਮੁਸਲਮਾਨਾ ਦੇ ਮਨਾਂ ਉੱਪਰ ਛਾਇਆ ਹੋਇਆ ਸੀ। ਮੈ ਨਹੀਂ ਕਹਿੰਦਾ ਕਿ ਹਰ ਇਕ ਅਹਿਮਦੀ ਪਰ ਮੈ ਇਹ ਜ਼ਰੂਰ ਕਹਿੰਦਾ ਹਾਂ ਕਿ ਹਰ ਉਹ ਅਹਿਮਦੀ ਜੋ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੇ ਉਦੇਸ਼ ਨੂੰ ਪੂਰੀ ਤਰ੍ਹਾਂ ਸਮਝ ਗਿਆ ਉਹ ਨਮਾਜ਼ਨੂੰ ਇਸ ਪ੍ਰਕਾਰ ਨਹੀ ਪੜ੍ਹਦਾ ਕਿ ਜਿਵੇਂ ਕੋਈ ਫ਼ਰਜ਼ ਨਿਭਾ ਰਿਹਾ ਹੋਵੇ, ਉਹ ਨਮਾਜ਼ ਨੂੰ ਇਸ ਪ੍ਰਕਾਰ ਪੜ੍ਹਦਾ ਹੈ ਜਿਵੇਂ ਉਹ ਅਲੱਾਹ ਤੋਂ ਕੁਝ ਲੈਣ ਗਿਆ ਹੈ। ਉਹ ਅਲੱਾਹ ਤੋਂ ਇਕ ਨਵਾਂ ਸੰਬੰਧ ਬਨਾਉਣ ਗਿਆ ਹੈ। ਇਸ ਭਾਵਨਾ ਦੇ ਨਾਲ ਜੋ ਨਮਾਜ਼ ਪੜ੍ਹੇਗਾ, ਸਮਝ ਵਿੱਚ ਆ ਸਕਦਾ ਹੈ ਕਿ ਉਸਦੀ ਨਮਾਜ਼ ਅਤੇ ਦੂਸਰਿਆਂ ਦੀ ਨਮਾਜ਼ ਇਕੋ ਜਿਹੀ ਨਹੀਂ ਹੋ ਸਕਦੀ। ਆਪਨੇ ਅਲੱਾਹ ਤਾਅਲਾ ਦੇ ਸੰਬੰਧ ਉੱਪਰ ਇਨ੍ਹਾਂ ਬਲ ਦਿੱਤਾ ਹੈ ਕਿ

ਫ਼ਰਮਾਇਆ ਮੇਰੇ ਮਤ ਨੂੰ ਮਨਣ ਲਈ ਅਲੱਾਹ ਨੇ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਹਨ ਪਰ ਮੈਂ ਤੁਹਾਨੂੰ ਇਹ ਨਹੀ ਕਹਿੰਦਾ ਕਿ ਤੁਸੀ ਉਨ੍ਹਾਂ ਦਲੀਲਾਂ ਨੂੰ ਸੋਚੋ ਅਤੇ ਉਨ੍ਹਾਂ ਉੱਪਰ ਵਿਚਾਰ ਕਰੋ। ਜੇਕਰ ਤੁਸੀਂ ਇਨ੍ਹਾਂ ਦਲੀਲਾਂ ਉੱਪਰ ਸੋਚਣ ਤੇ ਵਿਚਾਰ ਕਰਨ ਦਾ ਅਵਸਰ ਨਹੀ ਪਾਉਂਦੇ ਜਾਂ ਇਸ ਦੀ ਜ਼ਰੂਰਤ ਨਹੀਂ ਸਮਝਦੇ ਜਾਂ ਇਹ ਕਲਪਨਾ ਕਰਦੇ ਹੋ ਕਿ ਕਿਤੇ ਸਾਡੀ ਅਕਲ ਇਨ੍ਹਾਂ ਗਲ੍ਹਾਂ ਸੰਬੰਧੀ ਫ਼ੈਸਲਾ ਕਰਨ ਵਿੱਚ ਕੋਈ ਗ਼ਲਤੀ ਕਰ ਜਾਏ, ਮੈ ਤੁਹਾਨੂੰ ਇਸ ਵੱਲ ਧਿਆਨ ਦਿਲਾਉਂਦਾ ਹਾਂ ਕਿ ਤੁਸੀਂ ਮੇਰੇ ਸੰਬਧ ਵਿੱਚ ਦੁਆ ਕਰੋ ਅਤੇ ਅਲੱਾਹ ਤਾਅਲਾ ਤੋਂ ਸੁਮਾਰਗ ਮੰਗੋ ਕਿ ਜੇ ਕਰ ਇਹ ਸੱਚਾ ਹੈ ਤਾਂ ਸਾਡਾ ਮਾਰਗ ਦਰਸ਼ਨ ਕਰ ਅਤੇ ਜੇ ਕਰ ਝੂਠਾ ਹੈ ਤਾਂ ਸਾਨੂੰ ਇਸ ਤੋਂ ਦੂਰ ਰੱਖ। ਆਪ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਸੱਚੇ ਮਨ ਨਾਲ ਬਿਨ੍ਹਾਂ ਕਿਸੇ ਦੁਵੇਸ਼ ਦੇ ਕੁਝ ਦਿਨ ਇਸ ਪ੍ਰਕਾਰ ਦੀ ਦੁਆ ਕਰੇਗਾ ਤਾਂ ਅੱਲਾਹ ਅਵਸ਼ ਹੀ ਉਸ ਲਈ ਹਦਾਇਤ ਦਾ ਮਾਰਗ ਖੋਲੇਗਾ ਅਤੇ ਮੇਰੀ ਸੱਚਾਈ ਉਸ ਉੱਤੇ ਰੋਸ਼ਨ ਕਰ ਦਵੇਗਾ। ਸੈਂਕੜੇ ਹਜ਼ਾਰਾਂ ਲੋਕ ਹਨ ਜਿਨ੍ਹਾਂ ਨੇ ਇਸ ਪ੍ਰਕਾਰ ਜਤਨ ਕਰਕੇ ਅਲੱਾਹ ਤੋਂ ਪ੍ਰਕਾਸ਼ ਪ੍ਰਾਪਤ ਕੀਤਾ ਹੈ, ਇਹ ਕਿਨ੍ਹਾਂ ਵੱਡਾ ਪ੍ਰਕਾਸ਼ ਮਈ ਪ੍ਰਮਾਣ ਹੈ। ਮਨੁਖ ਆਪਣੀ ਸੂਝ-ਬੂਝ ਵਿੱਚ ਗ਼ਲਤੀ ਕਰ ਸਕਦਾ ਹੈ ਪਰੰਤੂ ਅਲੱਾਹ ਆਪਣੀ ਰਾਹਨੁਮਾਈ ਵਿੱਚ ਗ਼ਲਤੀ ਨਹੀਂ ਕਰ ਸਕਦਾ।

ਕਿਨ੍ਹਾਂ ਵਿਸ਼ਵਾਸ ਹੈ ਆਪਣੀ ਸਚੱਾਈ ਉੱਪਰ ਉਸ ਵਿਅਕਤੀ ਨੂੰ ਜੋ ਆਪਣੀ ਸੱਚਾਈ ਦੇ ਪਰਖਣ ਲਈ ਇਸ ਪ੍ਰਕਾਰ ਦਾ ਫੈਸਲਾਕੁਨ ਢੰਗ ਦੁਨੀਆ ਦੇ ਸਮੁਖ ਰਖਦਾ ਹੈ। ਕੀ ਕੋਈ ਝੂਠਾ ਇਹ ਕਹਿ ਸਕਦਾ ਹੈ ਕਿ ਜਾਓ ਅਤੇ ਅਲੱਾਹ ਤੋਂ ਮੇਰੇ ਬਾਰੇ ਪੁੱਛੋ? ਕੀ ਕੋਈ ਝੂਠਾ ਵਿਅਕਤੀ ਇਹ ਖਿਆਲ ਕਰ ਸਕਦਾ ਹੈ ਕਿ ਇਸ ਪ੍ਰਕਾਰ ਦਾ ਫ਼ੈਸਲਾ ਮੇਰੇ ਹਕ ਵਿੱਚ ਲਾਗੂ ਹੋਏਗਾ? ਜੋ ਵਿਅਕਤੀ ਖ਼ੁਦਾ ਵੱਲੋ ਨਹੀਂ ਪਰੰਤੂ ਇਸ ਪ੍ਰਕਾਰ ਦੇ ਢੰਗ ਨੂੰ ਅਪਣਾਉਂਦਾ ਹੈ ਉਹ ਤਾਂ ਆਪਣੇ ਖਿਲਾਫ਼ ਆਪ ਹੀ ਡਿਗਰੀ ਦੇ ਦਿੰਦਾ ਹੈ ਅਤੇ ਆਪਣੇ ਪੈਂਰ੍ਹਾਂ ਉੱਪਰ ਆਪ ਕੁਹਾੜੀ ਮਾਰਦਾ ਹੈ, ਪਰੰਤੂ ਹਜ਼ਰਤ ਮਸੀਹ ਮਊਦ ਅਲੈਹਿਸ ਸਲਾਮ ਨੇ ਹਮੇਸ਼ਾ ਹੀ ਦੁਨੀਆਂ ਦੇ ਸਾਹਮਣੇ ਇਹ ਗਲ੍ਹ ਵਰਨਣ

ਕੀਤੀ ਕਿ ਮੈਂ ਆਪਣੇ ਨਾਲ ਹਜ਼ਾਰਾਂ ਹੀ ਦਲੀਲਾਂ ਰਖਦਾ ਹਾਂ ਪਰ ਮੈਂ ਕਹਿੰਦਾ ਹਾਂ ਕਿ ਜੇਕਰ ਤੁਹਾਡੀ ਇਨ੍ਹਾਂ ਦਲੀਲਾਂ ਨਾਲ ਤਸੱਲੀ ਨਹੀਂ ਹੁੰਦੀ ਤਾਂ ਨਾ ਮੇਰੀ ਸੁਣੋ ਅਤੇ ਨ ਹੀ ਮੇਰੇ ਵਿਰੋਧੀਆਂ ਦੀ ਸੁਣੋ। ਅਲੱਾਹ ਵੱਲ ਧਿਆਨ ਕਰੋ ਅਤੇ ਉਸ ਨੂੰ ਪੁੱਛੋ ਕਿ ਮੈਂ ਸੱਚਾ ਹਾਂ ਜਾਂ ਝੂਠਾ ਹਾਂ। ਜੇਕਰ ਅੱਲਾਹ ਕਹਿ ਦੇਵੇ ਕਿ ਮੈਂ ਝੂਠਾ ਹਾਂ ਤਾਂ ਬੇਸ਼ਕ ਝੂਠਾ ਹਾਂ, ਪਰ ਜੇਕਰ ਅਲੱਾਹ ਇਹ ਕਹਿ ਦੇਵੇ ਕਿ ਮੈਂ ਸੱਚਾ ਹਾਂ ਤਾਂ ਫ਼ਿਰ ਤੁਹਾਨੂੰ ਮੇਰੀ ਸੱਚਾਈ ਪਰਵਾਨ ਕਰਨ ਤੋਂ ਕੀ ਇਨਕਾਰ ਹੈ?

ਹੇ ਸਜਣੋ! ਇਹ ਕਿਨ੍ਹਾਂ ਸਿੱਧਾ ਤੇ ਸਰਲ ਢੰਗ ਸੀ ਹਜ਼ਾਰਾਂ ਨੇ ਇਸ ਤੋਂ ਲਾਭ ਉਹਠਾਇਆ ਅਤੇ ਸਾਰੇ ਉਹ ਲੋਕ ਜੋ ਇਸ ਫੈਸਲੇ ਦੇ ਢੰਗ ਨੂੰ ਕਬੂਲ ਕਰਨ ਇਸ ਤੋ ਲਾਭ ਉਠਾ ਸਕਦੇ ਹਨ। ਇਸ ਫੈਸਲਾਕੁਨ ਢੰਗ ਵਿੱਚ ਹਕੀਕਤ ਵਿੱਚ ਹਿਕਮਤ ਸੀ ਕਿ ਆਪ ਸਮਝਦੇ ਸਨ ਕਿ ਧਰਮ ਦੁਨੀਆ ਉਪੱਰ ਸਰੇਸ਼ਠ ਹੈ। ਆਪ ਫ਼ਰਮਾਉਂਦੇ ਸੀ ਕਿ ਅਲੱਾਹ ਨੇ ਸੰਸਾਰਕ ਵਸਤੂਆਂ ਨੂੰ ਦੇਖਣ ਲਈ ਅੱਖਾਂ ਦਿੱਤੀਆਂ ਹਨ ਅਤੇ ਸਮਝਣ ਲਈ ਬੁੱਧੀ ਬਖ਼ਸ਼ੀ ਹੈ ਅਤੇ ਇਨ੍ਹਾਂ ਸੰਸਾਰਕ ਵਸਤੂਆਂ ਨੂੰ ਦਿਖਾਉਣ ਲਈ ਉਸਨੇ ਆਪਣਾ ਸੂਰਜ ਪੈਦਾ ਕੀਤਾ ਹੈ, ਅਤੇ ਸਤਾਰੇ ਪੈਦਾ ਕੀਤੇ ਹਨ ਫ਼ਿਰ ਇਹ ਕਿਵੇਂ ਹੋ ਸਕਦਾ ਹੈ ਕਿ ਰੂਹਾਨੀ ਹਦਾਇਤਾਂ ਦੇ ਦਿਖਾਉਣ ਲਈ ਉਸਨੇ ਕੋਈ ਮਾਰਗ ਨਹੀਂ ਦਰਸ਼ਾਇਆ। ਜਦ ਕਦੇ ਵੀ ਕੋਈ ਵਿਅਕਤੀ ਇਸ ਤੋਂ ਰੂਹਾਨੀ ਵਸਤੂਆਂ ਨੂੰ ਦੇਖਣ ਦੀ ਇੱਛਾ ਕਰਦਾ ਹੈ, ਅੱਲਾਹ ਉਸ ਲਈ ਮਾਰਗ ਖੋਲ ਦਿੰਦਾ ਹੈ। ਉਹ ਆਪ ਕੁਰਆਨ ਕਰੀਮ ਵਿਚ ਫਰਮਾਉਂਦਾ ਹੈ:-

وَالَّذِيْنَ جَاهَدُوْا فِيْنَا لَنَهْدِيَنَّهُمْ سُبُلَنَا (العنكبوت:٧٠)

**ਵਲੱਜ਼ੀਨਾ ਜਾਹਾਦੂ ਫ਼ੀਨਾ ਲ-ਨਹਦਿ ਯੱਨਾਹੁਮ ਸੋਬੋ ਲਨਾ।**

*(ਅਲ-ਅਨਕਬੂਤ-੭੦)*

ਅਰਥਾਤ:- ਜੋ ਲੋਕ ਵੀ ਸਾਡੇ ਮਿਲਨ ਦੀ ਇੱਛਾ ਰਖਦੇ ਹੋਏ ਜਤਨਾ ਤੋਂ ਕੰਮ ਲੈਂਦੇ ਹਨ ਅਸੀਂ ਉਨ੍ਹਾਂ ਨੂੰ ਜ਼ਰੂਰ ਆਪਣਾ ਮਾਰਗ ਦਿਖਾਉਂਦੇ ਹਾਂ।

ਸਾਰ ਇਹ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿਸ-ਸਲਾਮ ਨੇ ਧਰਮ

ਨੂੰ ਦੁਨੀਆ ਉਪਰ ਸਰਵ ਸਰੇਸ਼ਠ ਰੱਖਣ ਦਾ ਢੰਗ ਆਪਣੀ ਜਮਾਤ ਲਈ ਵੀ ਖੋਲਿਆ ਹੈ ਅਤੇ ਆਪਣੇ ਮੁਨਕਰਾਂ ਸਾਹਮਣੇ ਵੀਂ ਇਸ ਢੰਗ ਨੂੰ ਵਰਨਣ ਕੀਤਾ ਹੈ। ਸਾਡਾ ਖ਼ੁਦਾ ਇਕ ਜੀਉਂਦਾ ਖ਼ੁਦਾ ਹੈ। ਉਹ ਹੁਣ ਵੀ ਸੰਸਾਰ ਰੂਪੀ ਕਾਰਖਾਨਾ ਚਲਾ ਰਿਹਾ ਹੈ, ਦੁਨੀਆ ਦਾ ਵੀ ਤੇ ਧਰਮ ਦਾ ਵੀ। ਇਕ ਮੋਮਨ ਲਈ ਜ਼ਰੂਰੀ ਹੈ ਕਿ ਉਹ ਵੱਧ-ਤੋਂ ਵੱਧ ਉਸ ਨਾਲ ਸੰਬੰਧ ਪੈਦਾ ਕਰੇ ਅਤੇ ਉਸ ਦੇ ਨੇੜੇ ਹੁੰਦਾ ਜਾਏ। ਉਹ ਵਿਅਕਤੀ ਜਿਸ ਉੱਪਰ ਹਦਾਇਤ ਪ੍ਰਗਟ ਨਾ ਹੋਏ ਉਸ ਲਈ ਜ਼ਰੂਰੀ ਹੈ ਕਿ ਉਹ ਅਲੱਾਹ ਤੋਂ ਹੀ ਪ੍ਰਕਾਸ਼ ਦਾ ਜਾਚਕ ਰਹੇ ਅਤੇ ਉਸੇ ਦੀ ਸਹਾਇਤਾ ਨਾਲ ਹਕੀਕਤ ਤਕ ਪਹੁੰਚਣ ਦਾ ਜਤਨ ਕਰੇ। ਸੋ, ਅਸਲ ਕੰਮ ਤੇ ਅਸਲ ਸੰਦੇਸ਼ ਹਜ਼ਰਤ ਮਸੀਹ ਮੌਊਦ ਅਲੈਹਿਸ-ਸਲਾਮ ਦਾ ਇਹੋ ਸੀ ਕਿ ਉਹ ਦੁਨੀਆ ਦਾ ਸੁਧਾਰ ਕਰਨ ਅਤੇ ਮਨੁੱਖ ਨੂੰ ਫ਼ਿਰ ਅਲੱਾਹ ਵਲ ਲਾਉਣ ਅਤੇ ਜੋ ਲੋਕ ਅਲੱਾਹ ਦੀ ਪ੍ਰਾਪਤੀ ਤੋਂ ਉਪਰਾਮ ਹਨ ਉਨ੍ਹਾਂ ਦੇ ਮਨਾਂ ਵਿੱਚ ਅਲੱਾਹ ਦੀ ਪ੍ਰਾਪਤੀ ਦਾ ਵਿਸ਼ਵਾਸ ਜਗਾਉਣ ਅਤੇ ਇਸ ਪ੍ਰਕਾਰ ਦੇ ਜੀਵਨ ਤੋਂ ਲੋਕਾਂ ਨੂੰ ਜਾਣੂ ਕਰਾਉਣ ਜੋ ਹਜ਼ਰਤ ਮੂਸਾ ਤੇ ਹਜ਼ਰਤ ਈਸਾ ਅਲੈਹਿਸ-ਸਲਾਮ ਅਤੇ ਹੋਰਨਾ ਨਬੀਆਂ ਦੇ ਯੁਗਾਂ ਦੇ ਲੋਕਾਂ ਨੂੰ ਨਸੀਬ ਸੀ।

ਹੇ ਸਜਣੋ! ਪੁਰਾਣੀਆਂ ਪੁਸਤਕਾਂ ਪੜ੍ਹਕੇ ਦੇਖੋ, ਫਿਰ ਅਪਣੇ ਪਛੋਕੜ ਇਤਿਹਾਸ ਨੂੰ ਦੇਖੋ, ਕੀ ਉਨ੍ਹਾਂ ਲੋਕਾਂ ਦਾ ਜੀਵਨ ਸੰਸਾਰਕ ਸੀ? ਕੀ ਉਨ੍ਹਾਂ ਦੇ ਕੰਮ ਕੇਵਲ ਸੰਸਾਰਕ ਜਤਨਾ ਕਰਕੇ ਹੀ ਚਲਦੇ ਸਨ? ਉਹ ਲੋਕ ਅਲੱਾਹ ਦੇ ਪ੍ਰੇਮ ਨੂੰ ਪ੍ਰਾਪਤ ਕਰਨ ਲਈ ਰਾਤ-ਦਿਨ ਤੜਪਦੇ ਸਨ ਅਤੇ ਉਹਨਾਂ ਵਿੱਚੋਂ ਸਫ਼ਲ ਲੋਕ ਅਲੱਾਹ ਦੇ ਨਿਸ਼ਾਨ ਤੇ ਚਮਤਕਾਰਾਂ ਵਿੱਚੋ ਹਿੱਸਾ ਪਾਉਂਦੇ ਸਨ। ਇਹੋ ਉਹ ਜੀਵਨ ਸੀ ਜੋ ਉਹਨਾਂ ਨੂੰ ਦੂਸਰੀਆਂ ਕੋਮਾਂ ਤੋਂ ਵਿਸ਼ੇਸ਼ ਕਰਦੀ ਸੀ, ਪਰੰਤੂ ਅੱਜ ਉਹ ਕਿਹੜੀ ਵਿਸ਼ੇਸ਼ਤਾ ਹੈ ਜੋ ਮੁਸਲਮਾਨਾਂ ਨੂੰ ਹਿੰਦੂਆਂ ਤੇ ਇਸਾਈਆਂ ਅਤੇ ਦੂਸਰੇ ਧਰਮਾਂ ਦੇ ਮੁਕਾਬਲੇ ਵਿਚ ਪ੍ਰਾਪਤ ਹੈ? ਜੇਕਰ ਅਜਿਹੀ ਕੋਈ ਵਿਸ਼ੇਸ਼ਤਾ ਨਹੀਂ ਤਾਂ ਫ਼ਿਰ 'ਇਸਲਾਮ' ਦੀ ਲੋੜ ਕੀ ਹੈ? ਪਰ ਹਕੀਕਤ ਇਹ ਹੈ ਕਿ ਅਜਿਹੀ ਵਿਸ਼ੇਸ਼ਤਾ ਹੈ, ਪਰ ਮੁਸਲਮਾਨਾ ਨੇ ਉਸ ਨੂੰ ਭੁਲਾ ਦਿੱਤਾ ਹੈ। ਅਤੇ ਉਹ ਵਿਸ਼ੇਸ਼ਤਾ ਇਹ ਹੈ ਕਿ ਇਸਲਾਮ ਵਿੱਚ ਹਮੇਸ਼ਾ

ਲਈ ਅਲੱਾਹ ਦਾ ਕਲਾਮ ਜਾਰੀ ਹੈ ਅਤੇ ਸਦਾ ਲਈ ਅਲੱਾਹ ਦੇ ਨਾਲ ਸਿੱਧੇ ਤੌਰ ਤੇ ਸੰਬੰਧ ਪੈਦਾ ਕੀਤਾ ਜਾ ਸਕਦਾ ਹੈ। ਰਸੂਲੇ ਕਰੀਮ ਸੱਲ-ਲੱਲਾਹੁ ਅਲੈਹਿ ਵਸਲੱਮ ਦੇ ਫ਼ੈਜ ਦੇ ਇਹੋ ਤਾਂ ਅਰਥ ਹਨ। ਆਪ ਦੀ ਮਿਹਰ ਦੇ ਇਹ ਅਰਥ ਤਾਂ ਨਹੀਂ ਹੋ ਸਕਦੇ ਕਿ ਅਸੀਂ ਬੀ. ਏ. ਜਾਂ ਐਮ. ਏ. ਦੀ ਪ੍ਰੀਖਿਆ ਪਾਸ ਕਰ ਲਈਏ ਕੀ ਇਕ ਈਸਾਈ ਬੀ. ਏ. ਜਾਂ ਐਮ. ਏ. ਨਹੀਂ ਹੁੰਦਾ? ਆਪ ਦੀ ਮਿਹਰ ਦੇ ਇਹ ਅਰਥ ਤਾਂ ਨਹੀਂ ਹਨ ਕਿ ਅਸੀਂ ਕੋਈ ਵੱਡਾ ਕਾਰਖਾਨਾ ਚਲਾ ਲਿਆ ਹੈ। ਕੀ ਈਸਾਈ, ਹਿੰਦੂ ਤੇ ਸਿੱਖ ਅਜਿਹੇ ਕਾਰਖਾਨੇ ਨਹੀਂ ਚਲਾਉਂਦੇ? ਆਪ ਦੀ ਮਿਹਰ ਦੇ ਇਹ ਅਰਥ ਤਾਂ ਨਹੀਂ ਕਿ ਕੋਈ ਵੱਡੀ ਵਪਾਰਕ ਕੋਠੀ ਅਸੀਂ ਖ਼ੋਲ ਲਈ ਹੈ ਅਤੇ ਦੂਰ ਦੁਰਾਡੇ ਦੇਸ਼ਾ ਵਿੱਚ ਅਸੀਂ ਵਪਾਰਕ ਕੰਮ ਸ਼ੁਰੂ ਕਰ ਦਿੱਤਾ ਹੈ, ਇਹ ਵੀ ਸਾਰੇ ਹਿੰਦੂ ਇਸਾਈ ਤੇ ਯਹੂਦੀ ਕਰ ਰਹੇ ਹਨ। ਰਸੂਲੇ ਕਰੀਮ ਸੱਲ-ਲੱਲਾਹੁ ਅਲੈਹਿ ਵਸਲੱਅਮ ਦੀ ਮਿਹਰ ਦੇ ਇਹੋ ਅਰਥ ਹਨ ਕਿ ਆਪ ਦੇ ਤੁਫ਼ੈਲ ਮਨੁੱਖ ਦਾ ਅਲੱਾਹ ਦੇ ਨਾਲ ਸਿੱਧਾ ਸੰਬੰਧ ਸਥਾਪਤ ਹੋ ਜਾਏ। ਮਨੁੱਖ ਦਾ ਮਨ ਅਲੱਾਹ ਨੂੰ ਦੇਖੇ ਉਸ ਦੀ ਆਤਮਾ ਦਾ ਉਸ ਨਾਲ ਇਕਠ ਹੋ ਜਾਏ ਉਹ ਉਸਦੀ ਮਧੁਰ ਵਾਣੀ ਸੁਣੇ ਅਤੇ ਅਲੱਾਹ ਦੇ ਨਵੇਂ ਨਿਸ਼ਾਨ, ਚਮਤਕਾਰ ਤੋਂ ਕਲਾਮ ਉਸ ਲਈ ਪ੍ਰਗਟ ਹੋਵੇ। ਇਹ ਉਹ ਚੀਜ਼ ਹੈ ਜੋ ਮੁਹੰਮਦ ਰਸੂਲੁੱਲਾਹ ਸਲੱਲੱਾਹੋ ਅਲੈਹਿ ਵਸੱਲਮ ਦੀ ਗ਼ੁਲਾਮੀ ਦੇ ਬਿਨ੍ਹਾਂ ਕਿਸੇ ਵਿਅਕਤੀ ਨੂੰ ਦੁਨੀਆ ਵਿੱਚ ਨਹੀਂ ਮਿਲ ਸਕਦੀ ਅਤੇ ਇਹੋ ਉਹ ਚੀਜ਼ ਹੈ ਜਿਸ ਵਿੱਚ ਮੁਹੰਮਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ ਵਸੱਲਅਮ ਦੇ ਪੈਰੋਕਾਰ ਦੂਸਰੇ ਧਰਮਾਂ ਤੋਂ ਵਿਸ਼ੇਸ਼ ਹਨ। ਸੋ, ਇਸੇ ਵਲ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਮੁਸਲਮਾਨਾ ਨੂੰ ਧਿਆਨ ਦੁਆਇਆ ਹੈ ਅਤੇ ਇਹੋ ਚੀਜ਼ ਆਪਣੇ ਮੰਨਣ ਵਾਲਿਆ ਦੇ ਸਾਹਮਣੇ ਵਰਨਣ ਕੀਤੀ ਹੈ ਕਿ ਅਲੱਾਹ ਨੇ ਮੈਨੂੰ ਗਵਾਚਿਆ ਮੋਤੀ ਬਖ਼ਸ਼ਿਆ ਹੈ ਅਤੇ ਇਹ ਗੁਮਸ਼ੁਦਾ ਸ਼ੈ ਮੈਨੂੰ ਬਖ਼ਸ਼ੀ ਹੈ। ਅਤੇ ਇਹ ਸਭ ਕੁਝ ਮੈਨੂੰ ਰਸੂਲੇ ਕਰੀਮ ਸੱਲ-ਲੱਲਾਹੁ ਅਲੈਹਿ ਵਸੱਲਅਮ ਦੇ ਤੁਫ਼ੈਲ ਅਤੇ ਆਪਦੀ ਪੈਰਵੀ ਤੋਂ ਮਿਲਿਆ ਹੈ ਅਤੇ ਇਸ ਮੁਕਾਮ 'ਤੇ ਆਪ ਦੀ ਹੀ ਮਿਹਰ ਨੇ ਮੈਨੂੰ ਪਹੁੰਚਾਇਆ ਹੈ।

ਇਸ ਤੋਂ ਬਿਨ੍ਹਾਂ ਹੋਰ ਵੀ ਬਹੁਤ ਸਾਰੇ ਕੰਮ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਕੀਤੇ ਹਨ ਪਰ ਉਹ ਸਾਰੇ ਸੰਬੰਧਤ ਕਾਰਜ ਹਨ, ਭਾਂਵੇਂ ਬਹੁਤ ਵਿਸ਼ੇਸ ਤੇ ਮਹਾਨ ਹਨ ਪਰ ਅਸਲ ਕੰਮ ਇਹੋ ਸੀ ਕਿ ਆਪਨੇ ਦੀਨ ਨੂੰ ਦੁਨੀਆ ਉੱਪਰ ਮੁਕੱਦਮ ਕਰਨ ਅਤੇ ਮਾਦੀਅਤ (ਸੰਸਾਰਕ ਜੀਵਨ) ਉੱਪਰ ਰੁਹਾਨੀਅਤ (ਆਤਮਕ ਜੀਵਨ) ਨੂੰ ਗ਼ਾਲਬ (ਵਿਜੈਈ) ਕਰਨ ਦੀ ਮੁਹਿੰਮ ਸ਼ੁਰੂ ਕੀਤੀ ਅਤੇ ਯਕੀਨਨ ਸਮਝੋ ਕਿ ਇਸਲਾਮ ਨੂੰ ਦੂਸਰੇ ਧਰਮਾ ਓੱਪਰ ਜਿਤ ਇਸੇ ਮਾਰਗ ਨਾਲ ਹੋਵੇਗੀ। ਅਸੀਂ ਤੋਪਾਂ ਤੇ ਬੰਦੂਕਾਂ ਨਾਲ ਆਪਣੇ ਦੇਸ਼ਾ ਦਾ ਦਿਫ਼ਾਅ (ਬਚਾਵ) ਵੀ ਕਰਾਂਗੇ ਅਸੀਂ ਕਈ ਕਈ ਦੁਸ਼ਮਨਾਂ ਉੱਪਰ ਇਨ੍ਹਾਂ ਢੰਗਾ ਨਾਲ ਵਿਜੈਈ ਹੋਵਾਂਗੇ, ਪਰ ਸਾਰੀ ਦੁਨੀਆ ਉਪੱਰ ਇਸਲਾਮ ਨੂੰ ਜੋ ਜਿਤ ਹਾਸਲ ਹੋਵੇਗੀ ਉਹ ਉਸੇ ਰੂਹਾਨੀ ਢੰਗ ਨਾਲ ਹੋਵੇਗੀ, ਜਿਸ ਵਲ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਧਿਆਨ ਦੁਆਇਆ ਹੈ, ਜਦ ਮੁਸਲਮਾਨ, ਮੁਸਲਮਾਨ ਹੋ ਜਾਵੇਗਾ ਜਦ ਉਹ ਦੀਨ ਨੂੰ ਦੁਨੀਆ ਉਪਰ ਮੁਕੱਦਮ ਕਰਨ ਲਗ ਜਾਏਗਾ, ਜਦ ਉਹ ਰੂਹਾਨੀ ਚੀਜ਼ਾਂ ਨੂੰ ਸੰਸਾਰਕ ਚੀਜ਼ਾਂ ਉੱਪਰ ਵਿਸ਼ੇਸ਼ਤਾ ਦੇਣ ਲੱਗੇਗਾ ਤਾਂ ਉਹ ਅੱਯਾਸ਼ ਜੀਵਨ ਜੋ ਇਸ ਸਮੇਂ ਪਛਮੀ ਕੌਮਾਂ ਦੇ ਕਾਰਨ ਸਾਡੇ ਦੇਸ਼ ਵਿੱਚ ਪ੍ਰਚਲਿਤ ਹੋ ਰਿਹਾ ਹੈ ਆਪ ਹੀ ਮਿਟ ਜਾਵੇਗਾ ਅਤੇ ਮਨੁੱਖ ਕਿਸੇ ਦੇ ਕਹਿਣ ਕਰਕੇ ਨਹੀਂ ਸਗੋਂ ਆਪ ਆਪਣੇ ਨਫ਼ਸ ਦੀ ਇੱਛਾ ਕਰਕੇ ਫਜ਼ੂਲ ਗੱਲਾਂ ਛੱਡ ਦਏਗਾ ਅਤੇ ਸਾਦਾ ਜੀਵਨ ਬਸਰ ਕਰਨ ਲਗ ਜਾਏਗਾ ਅਤੇ ਉਸ ਦੀ ਬਾਨੀ ਵਿੱਚ ਪ੍ਰਭਾਵ ਪੈਦਾ ਹੋ ਜਾਏਗਾ। ਅਤੇ ਉਸਦਾ ਸੰਬੰਧੀ ਉਸ ਦੇ ਰੰਗ-ਢੰਗ ਨੂੰ ਅਪਨਾਉਣ ਲੱਗੇਗਾ ਅਤੇ ਇਸਾਈ ਤੇ ਹਿੰਦੂ ਅਤੇ ਦੂਸਰੇ ਧਰਮਾਂ ਦੇ ਲੋਕ ਵੀ ਉਸੇ ਪ੍ਰਕਾਰ ਜਿਵੇਂ ਮੱਕਾ ਦੇ ਲੋਕਾਂ ਨੇ ਕੀਤਾ ਸੀ ਕਹਿਣਾ ਸ਼ੁਰੂ ਕਰ ਦੇਣਗੇ ਕਿ:-

لَوْ كَانُوْا مُسْلِمِيْنَ (الحجر:٣)

**ਲੌ ਕਾਨੂੰ ਮੁਸਲੇਮੀਨ** *(ਅਲ-ਹਜਰ -੩)*

ਕਾਸ਼ ! ਉਹ ਮੁਸਲਮਾਨ ਹੁੰਦੇ ਅਤੇ ਫਿਰ ਹੁੰਦੇ-ਹੁੰਦੇ ਇਹ ਕੌਲ (ਗਲ) ਉਨਾਂ ਦਾ ਮੱਕਾ ਵਾਲਿਆ ਵਾਂਗ ਅਮਲ ਵਿੱਚ ਬਦਲ ਜਾਏਗਾ ਅਤੇ ਉਹ

ਮੁਸਲਮਾਨ ਹੋ ਜਾਣਗੇ ਕਿਉਂਕਿ ਕੋਈ ਵਿਅਕਤੀ ਬਹੁਤੀ ਦੇਰ ਤਕ ਚੰਗੀ ਗਲ੍ਹ ਤੋਂ ਦੂਰ ਨਹੀਂ ਰਹਿ ਸਕਦਾ। ਪਹਿਲਾਂ ਨੇੜਤਾ ਪੈਦਾ ਹੁੰਦੀ ਹੈ ਫਿਰ ਲਾਲਚ ਆਉਂਦੀ ਹੈ, ਫਿਰ ਜਤਨ ਕਰਦਾ ਹੈ ਤੇ ਅੰਤ ਮਨੁੱਖ ਖਿਚਿਆ-ਖਿਚਿਆ ਇਸ ਚੀਜ਼ ਵਲ ਆ ਹੀ ਜਾਂਦਾ ਹੈ, ਇਹੋ ਹੁਣ ਵੀ ਹੋਵੇਗਾ। ਪਹਿਲਾਂ ਇਸਲਾਮ ਮੁਸਲਮਾਨਾ ਦੇ ਮਨਾ ਵਿੱਚ ਦਾਖ਼ਲ ਹੋਵੇਗਾ ਫਿਰ ਉਹ ਉਨ੍ਹਾਂ ਦੇ ਸ਼ਰੀਰਾਂ ਉੱਪਰ ਲਾਗੂ ਹੋ ਜਾਏਗਾ। ਫਿਰ ਗ਼ੈਰ ਮੁਸਲਮ ਲੋਕ ਆਪਣੇ ਆਪ ਅਜਿਹੇ ਕਾਮਲ ਮੁਸਲਮਾਨਾ ਦੀ ਨਕਲ ਕਰਨ ਉੱਪਰ ਰਾਜ਼ੀ ਹੋ ਜਾਣਗੇ ਅਤੇ ਦੁਨੀਆ ਮੁਸਲਮਾਨਾ ਨਾਲ ਭਰ ਜਾਏਗੀ ਅਤੇ ਇਸਲਾਮ ਨਾਲ ਭਰਪੂਰ ਹੋ ਜਾਏਗੀ।

ਹੇ ਪਿਆਰਿਓ! ਇਸ ਛੋਟੇ ਜਿਹੇ ਲੇਖ ਵਿੱਚ ਮੈਂ ਵਿਸਤਾਰ ਨਾਲ ਦਲੀਲਾਂ ਵਰਨਣ ਨਹੀਂ ਕਰ ਸਕਦਾ ਅਤੇ ਅਹਿਮਦੀਅਤ ਦੇ ਸੰਦੇਸ਼ ਦੇ ਸਾਰੇ ਖੰਡਾ ਨੂੰ ਆਪ ਦੇ ਸਾਹਮਣੇ ਵਰਨਣ ਨਹੀਂ ਕਰ ਸਕਦਾ। ਮੈਂ ਸੰਖੇਪ ਵਿੱਚ ਅਹਿਮਦੀਅਤ ਦੀ ਗ਼ਰਜ਼ ਤੇ ਮੰਤਵ ਨੂੰ ਆਪ ਲੋਕਾਂ ਦੇ ਸਾਹਮਣੇ ਵਰਨਣ ਕਰ ਦਿੱਤਾ ਹੈ ਅਤੇ ਮੈਂ ਆਪ ਕੋਲ ਆਵੇਦਨ ਕਰਦਾ ਹਾਂ ਕਿ ਇਸ ਲੇਖ ਉੱਪਰ ਗ਼ੌਰ ਕਰੋ ਅਤੇ ਸੋਚੋ ਕਿ ਦੁਨੀਆ ਵਿੱਚ ਕਦੇ ਵੀ ਧਾਰਮਕ ਤਹਰੀਕਾਂ (ਅਨਦੋਲਨ) ਕੇਵਲ ਸੰਸਾਰਕ ਕਾਰਨਾਂ ਕਰਕੇ ਗ਼ਾਲਬ ਨਹੀਂ ਹੋਈਆਂ। ਧਾਰਮਕ ਤਹਰੀਕਾਂ ਨਫ਼ਸ ਦੇ ਸੁਧਾਰ, ਪ੍ਰਚਾਰ ਤੇ ਕੁਰਬਾਨੀ ਸਦਕਾ ਹੀ ਹਮੇਸ਼ਾ ਪਰਵਾਨ ਚੜ੍ਹਦੀਆਂ ਹਨ। ਆਦਮ ਅਲੈਹਿਸ ਸਲਾਮ ਦੇ ਜ਼ਮਾਨੇ ਤੋਂ ਲੈਕੇ ਇਸ ਸਮੇਂ ਤਕ ਜੋ ਨਹੀਂ ਹੋਇਆ ਉਹ ਹੁਣ ਵੀ ਨਹੀਂ ਹੋਏਗਾ ਅਤੇ ਜਿਸ ਢੰਗ ਨਾਲ ਅੱਜ ਤੱਕ ਅਲੱਾਹ ਦਾ ਸੰਦੇਸ਼ ਦੁਨੀਆ ਵਿੱਚ ਫ਼ੈਲਦਾ ਰਿਹਾ ਹੈ ਉਸੇ ਪ੍ਰਕਾਰ ਹੁਣ ਵੀ ਮੁਹੰਮਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ ਵਸਲੱਅਮ ਦਾ ਸੰਦੇਸ਼ ਦੁਨੀਆ ਵਿੱਚ ਫੈਲੇਗਾ। ਸੋ, ਆਪਣੇ ਉੱਪਰ ਰਹਿਮ ਕਰਦੇ ਹੋਏ, ਆਪਣੀ ਸੰਤਾਨ ਉੱਪਰ ਰਹਿਮ ਕਰਦੇ ਹੋਏ ਆਪਣੇ ਪਰਿਵਾਰਾਂ ਅਤੇ ਆਪਣੀ ਕੌਮਾਂ ਉੱਪਰ ਰਹਿਮ ਕਰਦੇ ਹੋਏ ਆਪਣੇ ਦੇਸ਼ ਉੱਪਰ ਰਹਿਮ ਰਕਦੇ ਹੋਏ ਅੱਲਾਹ ਦੇ ਸੰਦੇਸ਼ ਨੂੰ ਸੁਨਣ ਤੇ ਸਮਝਣ ਦਾ ਜਤਨ ਕਰੋ ਤਾਂ ਜੋ ਅਲਾਹ ਦੀ ਕਿਰਪਾ ਦੇ

ਦਰਵਾਜ਼ੇ ਆਪ ਲਈ ਛੇਤੀ ਤੋਂ ਛੇਤੀ ਖੁਲ ਜਾਣ। ਅਤੇ 'ਇਸਲਾਮ' ਦੀ ਤਰੱਕੀ ਪਿੱਛੇ ਨ ਪੈਂਦੀ ਜਾਵੇ ਅਜੇ ਬਹੁਤ ਕੰਮ ਹੈ ਜੋ ਅਸੀਂ ਕਰਨਾ ਹੈ ਪਰ ਉਸ ਲਈ ਅਸੀਂ ਤੁਹਾਡੀ ਸਹਾਇਤਾ ਦੇ ਉਡੀਕ ਵਾਨ ਹਾਂ, ਕਿਉਕਿ ਇਲਾਹੀ ਤਰੱਕੀਆਂ ਚਮਤਕਾਰਾਂ ਤੋਂ ਬਿਨਾਂ ਧਰਮ ਦੇ ਪ੍ਰਸਾਰ ਨਾਲ ਵੀ ਸੰਬੰਧ ਰਖਦੀਆਂ ਹਨ। ਆਪ ਵੀ ਆਓ ਅਤੇ ਇਸ ਕਾਰਜ ਨੂੰ ਸਾਡੇ ਨਾਲ ਰਲਕੇ ਉਠਾਓ ਜਿਸਦਾ ਉਠਾਉਣਾ ਇਸਲਾਮ ਦੀ ਉੱਨੱਤੀ ਲਈ ਜ਼ਰੂਰੀ ਹੈ ਭਾਵੇਂ ਕੁਰਬਾਨੀ ਦੇਣਾ, ਈਸਾਰ ਕਰਨਾ ਤੇ ਦੁਖ ਉਠਾਉਣਾ ਇਸ ਮਾਰਗ ਲਈ ਜ਼ਰੂਰੀ ਹੈ, ਪਰ ਇਲਾਹੀ ਮਾਰਗ ਵਿੱਚ ਮੌਤ ਹੀ ਹਕੀਕੀ ਜੀਵਨ ਬਖ਼ਸ਼ਦਾ ਹੈ ਅਤੇ ਮੌਤ ਨੂੰ ਪਰਵਾਨ ਕੀਤੇ ਬਿਨ੍ਹਾਂ ਕੋਈ ਵਿਅਕਤੀ ਅਲੱਾਹ ਤੱਕ ਨਹੀਂ ਪਹੁੰਚ ਸਕਦਾ, ਅਤੇ ਇਸ ਮੌਤ ਨੂੰ ਪਰਵਾਨ ਕੀਤੇ ਬਿਨ੍ਹਾਂ ਇਸਲਾਮ ਵੀ ਗ਼ਾਲਬ ਨਹੀਂ ਹੋ ਸਕਦਾ। ਧੀਰਜ ਕਰੋ ਅਤੇ ਮੌਤ ਦੇ ਇਸ ਜਾਮ ਨੂੰ ਮੂੰਹ ਨਾਲ ਲਾਓ ਤਾਂ ਜੋ ਸਾਡੀ ਤੇ ਤੁਹਾਡੀ ਮੌਤ ਨਾਲ ਇਸਲਾਮ ਨੂੰ ਜੀਵਨ ਮਿਲੇ ਅਤੇ ਹਜਰਤ ਮੁਹੰਮਦ ਰਸੂਲੁੱਲਾਹ ਸੱਲਲਾਹੋ ਅਲੈਹਿ ਵਸੱਲਅਮ ਦਾ ਧਰਮ ਫਿਰ ਹਰਿਆ ਭਰਿਆ ਹੋ ਜਾਏ ਅਤੇ ਇਸ ਮੌਤ ਨੂੰ ਕਬੂਲ ਕਰਕੇ ਅਸੀਂ ਵੀ ਆਪਣੇ ਮਹਿਬੂਬ ਦੀ ਗੋਦ ਵਿੱਚ ਸਦੀਵੀਂ ਜੀਵਨ ਦਾ ਆਨੰਦ ਮਾਣੀਏ। ਆਮੀਨ (ਹੇ ਅਲੱਾਹ! ਪਰਵਾਨ ਕਰ)

ਆਪਦਾ ਸ਼ੁਭਚਿੰਤਕ
ਮਿਰਜ਼ਾ ਮਹਿਮੂਦ ਅਹਿਮਦ
ਇਮਾਮ ਜਮਾਤ ਅਹਿਮਦੀਆ
27 ਅਕਤੂਬਰ, 1948

# "Ahmadiyyat Ka Paigam"

*By*

**Hazrat Mirza Basheeruddin Mahmood Ahmad**
**Khalifa-tul-Masieh 2nd**

*Punjabi Translation*

# "Ahmadiyyat Da Sandesh"

*By:*

**Giani Shamshad Ahmad Eden**

*First Edition - 2000*

*Copies - 2000*

*Published by:*
Nazarat Nashr-o-Ishaat
Sadr Anjuman Ahmadiyya
Qadian - 143516
Distt. - Gurdaspur (Punjab) INDIA
Telefax : 0091 - 1872 - 70749
Fax : 0091 - 1872 - 70105

*Printer:*
Fazle Umar Printing Press, Qadian.